
FARM AND SPICE
Open 7 Days a Week
8.30 am to 9.00 pm
SPECIAL OFFERS : 29 July-Aug 03
Daily Specials on
ਟਮਾਟਰ
Otv Tomatoes
99¢ /lb
ਐਂਬ੍ਰੋਸਿਆ ਸੇਬ
Ambrosia apple
$1.79 /lb
$1.49 /lb
ਸੰਤਰੇ
large Orange
ਹਰੇ ਪਿਆਜ਼
Green Onions
69¢ each
79¢ each
ਨਿੰਬੂ
Organic Lemon
ਫੁਲ ਗੋਬੀ
Cauliflower
$1.99 each
ਨੈਕਟ੍ਰੀਨ
Nectarine
$2.49 /lb
ਗ੍ਰੀਨ ਬੀਨਜ਼
Green Beans
99¢ /lb
ਨਮਕੀਨਜ਼
Balaji
Assorted Namkeen
200g
99¢ /each
500g
$1.99 each
ਨਮਕੀਨਜ਼
Balaji
Assorted Namkeen
ਭੁੰਨਿਆ ਚਨਾ
(ਸਾਬਤ)
Sher
Chana with skin
400g
$2.79 each
800g
$4.79 each
70g
$4.79 each
ਮਖਾਣਾ
Crispeez
flavoured makhana assorted
ਹੀਰ ਵੇਸਣ
Heer
Besan
4lb
$3.99 each
ਹੈਲੋ ਜੀ ਰੱਸ
Hello ji
Saunf Elaichi & Milk Rusk
600g
$3.99 each
ਵੇਰਕਾ ਪੱਫ
Verka
Assorted Khari Puff
350g
$4.99 each
ਬਦਾਮ
Almonds
Premium Quality
$4.99 /lb
1kg
$3.99 each
ਗੁੜ ਤੇ ਸ਼ਕਰ
Haryana King
Pesi Gur & Shakkar
20lb
$11.99 each
ਹੀਰ ਕਣਕ ਆਟਾ
Heer
Chakki Atta
20lb
$11.99 each
ਹੀਰ ਚਪਾਤੀ ਆਟਾ
Heer
Whole Grain Atta
PUNJABI FLAVOURED KULFI ALSO AVAILABLE
DESIGNER RAKHI AVAILABLE
DHALIWAL BAKERY ITEMS AVAILABLE NOW
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
Curbside pick up available
*while supply last

# In Loving
## MEMORY OF



# Niranjan Kaur Mundi
(March 08, 1946-July 22, 2022)

**The Mundi Family request your presense at the funeral service to be held at**

**Riverside Funeral Home & Crematorium (7410 Hopcott Rd, Delta, BC, V4G 1B6)**
**SATURDAY JULY 30, 2022 @ 3pm**
**Antim Ardass at Gurdwara Khalsa Diwan Society (York Centre)**
**(7938, 128St, Surrey, BC @ 5pm)**

Mrs. Niranjan Kaur Mundi passed away on July 22, 2022 in Surrey BC. She was born in Ghuman, Punjab on March 8, 1946. Niranjan married Bhinder Mundi in February 1963 and came to British Columbia in 1967 predeceased by her father Inder Singh Ghuman and Basant Kaur Ghuman. She is survived by her husband Bhinder, daughters Kamal Dhami (Sony S. Dhami), Karen Chohan (Hap S. Chohan), son Hargo (Aman K. Mundi), and grandchildren Asha K. Mundi, Armaan S. Dhami, Inder S. Dhami, Serena K. Mundi, Neal S. Chohan, Rajan S. Mundi.


# ਭਗਤ ਸਿੰਘ ਇਕ ਨਾਸਤਿਕ ਸੋਚ ਵਾਲਾ ਇਨਸਾਨ ਸੀ, ਸਿੱਖ ਅਜਾਇਬ ਘਰ 'ਚੋਂ ਹਟਾਈ ਜਾਵੇ ਤਸਵੀਰ:ਇਮਾਨ ਮਾਨ

ਅੰਮ੍ਰਿਤਸਰ:ਹਾਲ ਹੀ 'ਚ ਸੰਗਰੂਰ ਤੋਂ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ 'ਅੱਤਵਾਦੀ' ਕਹਿ ਕੇ ਵਿਵਾਦਾਂ 'ਚ ਘਿਰ ਗਏ ਸਨ। ਇਹ ਮਾਮਲਾ ਅਜੇ ਸੁਲਝਿਆ ਵੀ ਨਹੀਂ ਸੀ ਕਿ ਹੁਣ ਉਨ੍ਹਾਂ ਦੇ ਪੁੱਤਰ ਇਮਾਨ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਸ਼ਘਫਛ) ਤੋਂ ਸਿੱਖ ਅਜਾਇਬ ਘਰ 'ਚੋਂ ਸ਼ਹੀਦ ਭਗਤ ਸਿੰਘ ਦੀ ਤਸਵੀਰ ਹਟਾਉਣ ਦੀ ਮੰਗ ਕੀਤੀ ਹੈ।ਉਨ੍ਹਾਂ ਇਸ ਸਬੰਧੀ



ਸ਼੍ਰੋਮਣੀ ਕਮੇਟੀ ਨੂੰ ਮੰਗ ਪੱਤਰ ਸੌਂਪਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਕ ਚਿੱਠੀ ਲਿਖੀ ਗਈ ਹੈ ਜਿਸ ਵਿੱਚ ਇਮਾਨ ਸਿੰਘ ਮਾਨ ਵੱਲੋਂ ਸ਼ਹੀਦ ਭਗਤ ਸਿੰਘ ਦੀ ਤਸਵੀਰ ਨੂੰ ਸਿੱਖ ਅਜਾਇਬ ਘਰ ਚੋਂ ਹਟਾਉਣ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਭਗਤ ਸਿੰਘ ਇੱਕ ਨਾਸਤਿਕ ਸੋਚ ਵਾਲਾ ਇਨਸਾਨ ਸੀ ਜਿਸ ਕਰ ਕੇ ਉਸਦੀ ਅਜਾਇਬ ਘਰ ਦੇ ਵਿੱਚ ਤਸਵੀਰ ਲਗਾਉਣਾ ਸਹੀ ਨਹੀਂ ਹੈ।ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਸੰਸਦ ਮੈਂਬਰ ਵਜੋਂ ਮੈਂਬਰਸ਼ਿਪ ਲੈਂਦੇ ਹੋਏ ੰਫ ਸਿਮਰਨਜੀਤ ਸਿੰਘ ਮਾਨ ਨੇ ਹਰਿਆਣਾ ਵਿੱਚ ਸ਼ਹੀਦ ਭਗਤ ਸਿੰਘ ਨੂੰ 'ਅੱਤਵਾਦੀ' ਕਿਹਾ ਸੀ। ਜਦੋਂ ਉਨ੍ਹਾਂ ਨੂੰ ਇਸ ਬਾਰੇ ਸਵਾਲ ਕੀਤਾ ਗਿਆ ਤਾਂ ਉਨ੍ਹਾਂ ਜਵਾਬ ਦਿੱਤਾ ਕਿ ਆਈਪੀਐਸ ਅਧਿਕਾਰੀ ਸਮੇਤ ਪੁਲਿਸ ਮੁਲਾਜ਼ਮਾਂ ਨੂੰ ਮਾਰਨ ਵਾਲੇ ਨੂੰ 'ਅੱਤਵਾਦੀ' ਨਾ ਕਿਹਾ ਜਾਵੇਗਾ ਤਾਂ ਹੋਰ ਕੀ ਕਿਹਾ ਜਾਵੇ?

# ਜੰਮੂ-ਕਸ਼ਮੀਰ ਦੇ ਹੁਰੀਅਤ ਆਗੂ ਅਤੇ ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ ਦੇ ਮੁਖੀ ਮੁਹੰਮਦ ਯਾਸੀਨ ਮਲਿਕ ਵੱਲੋਂ ਮਰਨ ਵਰਤ ਸ਼ੁਰੂ



ਸ੍ਰੀਨਗਰ-ਜੰਮੂ-ਕਸ਼ਮੀਰ ਦੇ ਹੁਰੀਅਤ ਆਗੂ ਅਤੇ ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ ਦੇ ਮੁਖੀ ਮੁਹੰਮਦ ਯਾਸੀਨ ਮਲਿਕ, ਜੋ ਕਿ ਭਾਰਤੀ ਅਦਾਲਤ ਵੱਲੋਂ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਇਸ ਵੇਲੇ ਨਵੀਂ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਬੰਦ ਹਨ।

ਸਰਕਾਰ ਨੇ ਉਸ ਦੇ ਖਿਲਾਫ ਦਰਜ ਕੀਤੇ ਗਏ ਝੂਠੇ ਕੇਸਾਂ ਵਿੱਚ ਸਜਾ ਸੁਣਾਈ ਹੈ ਇਸ ਲਈ ਉਨਾ ਨੇ ਮਰਨ ਤੱਕ ਭੁੱਖ ਹੜਤਾਲ ਦਾ ਐਲਾਨ ਕੀਤਾ ਹੈ।ਇਸਦਾ ਖੁਲਾਸਾ ਉਨਾ ਦੇ ਪਰਿਵਾਰ ਨੇ ਕਿਹਾ।ਯਾਸੀਨ ਮਲਿਕ ਦੇ ਪੱਤਰ ਨੂੰ ਸਾਂਝਾ ਕਰਦੇ ਹੋਏ ਪ੍ਰੀਵਾਰ ਨੇ ਕਿਹਾ ਕਿ 22 ਜੁਲਾਈ ਤੋਂ ਤਿਹਾੜ ਜੇਲ੍ਹ ਵਿੱਚ ਭਾਰਤੀ ਅਦਾਲਤਾਂ ਦੁਆਰਾ ਉਸ ਨਾਲ ਕੀਤੀ ਜਾ ਰਹੀ ਬੇਇਨਸਾਫੀ ਦੇ ਖਿਲਾਫ ਉਨ੍ਹਾਂ ਨੇ ਮਰਨ ਵਰਤ ਦਾ ਐਲਾਨ ਕੀਤਾ ਹੈ।

ਜੇਕੇਐਲਐਫ ਦੇ ਮੀਡੀਆ ਸੈੱਲ ਨੇ ਮਲਿਕ ਦੀ ਭੈਣ ਅਤੇ ਮਾਂ ਦੀ ਇੱਕ ਵੀਡੀਓ ਟਵੀਟ ਕੀਤੀ ਜਿਸ ਵਿੱਚ ਕੈਦ ਕੀਤੇ ਹੁਰੀਅਤ ਨੇਤਾ ਦਾ ਜ਼ਿਕਰ ਕੀਤਾ ਗਿਆ ਹੈ।"ਯਾਸੀਨ ਮਲਿਕ ਨੇ ਆਪਣੀ ਮਾਂ ਨੂੰ ਕਿਹਾ ਕਿ ਮੈਂ ਅੱਲ੍ਹਾ ਅਤੇ ਅਤੇ ਪੈਗੰਬਰ ਨਾਲ ਵਾਅਦਾ ਕੀਤਾ ਹੈ,ਸਾਰੇ ਮੇਰੇ ਲਈ ਪ੍ਰਾਰਥਨਾ ਕਰੋ। ਉਨ੍ਹਾਂ ਕਿਹਾ ਕਿ ਜਦੋਂ ਤੱਕ ਮੈਂ ਜਿਉਂਦਾ ਹਾਂ, ਭੁੱਖ ਹੜਤਾਲ 'ਤੇ ਰਹਾਂਗਾ।ਯਾਸੀਨ ਮਲਿਕ ਦੇ ਪੱਤਰ ਦਾ ਹਵਾਲਾ ਦਿੰਦੇ ਹੋਏ, ਜੇਕੇਐਲਐਫ ਮੁਖੀ ਦੀ ਭੈਣ ਨੇ ਕਿਹਾ, "ਉਸਨੂੰ ਹਰ ਦੂਜੇ ਕੈਦੀ ਵਾਂਗ ਪੁੱਛਗਿੱਛ ਲਈ ਅਦਾਲਤ ਵਿੱਚ ਕਿਉਂ ਨਹੀਂ ਬੁਲਾਇਆ ਜਾ ਰਿਹਾ ਹੈ, ਅਤੇ ਜੇਕਰ ਉਹ ਪੁੱਛ-ਗਿੱਛ ਲਈ ਬਾਹਰੋਂ ਲੋਕਾਂ ਨੂੰ ਬੁਲਾ ਸਕਦੇ ਹਨ ਤਾਂ ਮੈਨੂੰ ਕਿਉਂ ਨਹੀਂ।"ਯਾਸੀਨ ਮਲਿਕ ਦੀ ਚਿੱਠੀ ਨੂੰ ਉਨ੍ਹਾਂ ਦੀ ਪਤਨੀ ਮੁਸ਼ਾਲ ਹੁਸੈਨ ਮਲਿਕ ਨੇ ਵੀ ਟਵਿੱਟਰ 'ਤੇ ਸ਼ੇਅਰ ਕੀਤਾ ਸੀ।"ਉਸਨੇ ਆਪਣਾ ਕੇਸ ਸਰਬ-ਸ਼ਕਤੀਮਾਨ ਪਰਮੇਸ਼ੁਰ ਉੱਤੇ ਛੱਡ ਦਿੱਤਾ ਹੈ; ਇਹ ਦੁਨੀਆ ਕਸ਼ਮੀਰੀਆਂ ਦੇ ਦਰਦ ਨੂੰ ਨਹੀਂ ਸਮਝ ਰਹੀ।


Sidhu Homeopathic Clinic
Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)



Charlesworth
insurance services ltd.

Servicing the following insurance needs:
- Homeowners
- Tenants
- Farms
- Travel
- Life
- Condo
- RV's
- Business
- Contractors
- Disability
- Cargo
- Liability
- Auto
- Private Auto
- Marriage Licence Issuer

autoplan

"For Fast, Friendly and Reliable Service!"




Phone: 604-852-2565
Fax: 852-2996

OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM

1A-32465 South Fraser Way, Abbotsford, BC V2T 1X4



www.accuraterailing.com
AccurateRailing & AWNING LTD



* Topline Aluminum Patio Cover
* Car Ports * Insulated Patio Roof
* Gate or SDP Acrylic Patio Roof
* Custom Built Sunroom Enclosures

* Aluminum Picket Railing
* Glass Railing * Aluminum Fences
* Driveway Power or Manual Sliding & Swing Gate
* Window Security Bars

* ਪੈਟੀਉ ਕਵਰ
* ਅਲਮੀਨੀਅਮ ਰੇਲਿੰਗ
* ਗਲਾਸ ਰੇਲਿੰਗ * ਅਲਮੀਨੀਅਮ ਫੈਂਸ
* ਡਰਾਈਵੇਅ ਸਲਾਈਡਿੰਗ ਡੋਰ (ਪਾਵਰ ਜਾਂ ਮੈਨੂਅਲ)
* ਵਿੰਡੋ ਸਿਕਉਰਟੀ ਬਾਰ

For more information call:
Avtar S. Devgan or Jagtar S. Devgan
Ph: 604-596-6512
Cell: 604-866-1432 * Cell: 604-961-8767
Unit # 126, 130 - 12639 - 80th Avenue, Surrey



KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com




Best Rates
ਵਿਆਹ ਦੇ ਕਾਰਡ

Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures
All kinds of Signs and Decals

ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਂਏਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ

ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਜਥੇਦਾਰ ਵੱਲੋਂ ਕੇਜਰੀਵਾਲ ਦੀ ਔਰੰਗਜ਼ੇਬ ਨਾਲ ਤੁਲਨਾ

## ਬੰਦੀ ਸਿੰਘਾਂ ਦੀ ਰਿਹਾਈ ਲਈ ਕਿਸੇ ਨੂੰ ਮੰਗ ਪੱਤਰ ਦੇਣ ਦੀ ਲੋੜ ਨਹੀਂ:ਸੰਘਰਸ਼ ਕਰੋ! ਜਥੇਦਾਰ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਤੁਲਨਾ ਔਰੰਗਜ਼ੇਬ ਨਾਲ ਕਰਦਿਆਂ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਲਾਲੇ ਨੂੰ ਕੋਈ ਵੀ ਮੰਗ ਪੱਤਰ ਦੇਣ ਦੀ ਲੋੜ ਨਹੀਂ, ਸਗੋਂ ਗੁਰੂ ਘਰਾਂ ਦੇ ਦਰਵਾਜ਼ਿਆਂ ਅੱਗੇ ਬੰਦੀ ਸਿੰਘਾਂ ਸੰਬੰਧੀ ਵੱਡੇ-ਵੱਡੇ ਹੋਰਡਿੰਗ ਲਗਾਏ ਜਾਣ ਤਾਂ ਕਿ ਦੁਨੀਆ ਭਰ ਦੇ ਲੋਕ ਜਾਣ ਸਕਣ ਕਿ ਸਿੱਖਾਂ ਨਾਲ ਬੇਇਨਸਾਫੀ ਕਰਨ ਵਾਲੀਆਂ ਕਿਹੜੀਆਂ-ਕਿਹੜੀਆਂ ਸਰਕਾਰਾਂ ਦੋਸ਼ੀ ਹਨ। ਦਿੱਲੀ ਦੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਦੇ ਪ੍ਰਕਾਸ਼ ਪੁਰਬ ‘ਤੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਸੰਗਤਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਬਾਲਾ ਪ੍ਰੀਤਮ ਨੇ ਛੋਟੀ ਉਮਰ ਵਿੱਚ ਹੀ ਔਰੰਗਜ਼ੇਬ ਵਰਗੇ ਜਲਾਦ ਨੂੰ ਮਿਲਣ ਤੋਂ ਉਸ ਵੇਲੇ ਇਨਕਾਰ ਕਰ ਦਿੱਤਾ, ਜਦੋਂ ਉਸ ਦੇ ਮੂੰਹ ਵਿੱਚੋਂ ਨਿਕਲਿਆ ਹਰ ਸ਼ਬਦ ਅਲਾਹੀ ਹੁਕਮ ਹੁੰਦਾ ਸੀ। ਉਹਨਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਹਰਜਿੰਦਰ ਸਿੰਘ ਧਾਮੀ ਦਿੱਲੀ ਕਮੇਟੀ ਦੇ ਦੋ ਸਾਬਕਾ ਪ੍ਰਧਾਨਾਂ ਨਾਲ ਦਿੱਲੀ ਦੇ ਮੁੱਖ ਮੰਤਰੀ ਨੂੰ ਮੰਗ ਪੱਤਰ ਦੇਣ ਗਏ, ਪਰ ਉਸ ਲਾਲੇ ਦੀ ਆਕੜ ਇੰਨੀ ਸੀ ਕਿ ਉਸ ਨੇ ਮੰਗ ਪੱਤਰ ਵੀ ਲੈਣ ਲਈ ਜ਼ਹਿਮਤ ਨਹੀਂ ਕੀਤੀ। ਉਹਨਾਂ ਕਿਹਾ ਕਿ ਜਿਹੜੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਇੱਕ ਦਹਾੜ ਤੋਂ ਦਿੱਲੀ ਦੇ ਤਖਤ ਦੀਆਂ ਨੀਹਾਂ ਹਿੱਲ ਜਾਂਦੀਆਂ ਸਨ, ਅੱਜ ਉਸ ਸੰਸਥਾ ਨੂੰ ਇੱਕ ਮਾਮੂਲੀ ਲਾਲੇ ਵੱਲੋਂ ਦਰਕਿਨਾਰ ਕਰਨਾ ਔਰੰਗਜ਼ੇਬ ਦੀ ਯਾਦ ਤਾਜ਼ਾ ਕਰਦਾ ਹੈ। ਉਨ੍ਹਾਂ ਸਿੱਖ ਸੰਗਤਾਂ ਤੇ ਸਿੱਖ ਆਗੂਆਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਇਸ ਲਾਲੇ ਨੂੰ ਹੀ ਨਹੀਂ, ਸਗੋਂ ਕਿਸੇ ਨੂੰ ਵੀ ਮੰਗ ਪੱਤਰ ਦੇਣ ਦੀ ਲੋੜ ਨਹੀਂ, ਕਿਉਂਕਿ ਸਿੱਖ ਪੰਥ ਦਾ ਇਤਿਹਾਸ ਅਜਿਹੀਆਂ ਕੁਰਬਾਨੀਆਂ ਨਾਲ ਜ਼ਰਖੇਜ਼ ਹੈ ਕਿ ਸਾਡੀਆਂ ਮਾਵਾਂ ਨੇ ਬੱਚੇ ਟੋਟੇ-ਟੋਟੇ ਕਰਵਾ ਕੇ ਝੋਲੀਆਂ ਵਿੱਚ ਪਵਾਏ, ਪਰ ਕਿਸੇ ਕੋਲੋਂ ਭੀਖ ਨਹੀਂ ਮੰਗੀ। ਉਹਨਾਂ ਕਿਹਾ ਕਿ ਅੱਜ ਸਾਡਾ ਗੁਰੂ ‘ਤੇ ਭਰੋਸਾ ਨਹੀਂ ਰਿਹਾ ਤੇ ਗੁਰੂ ਤੋਂ ਦੂਰ ਹੋ ਗਏ ਹਾਂ। ਜਦੋਂ ਸਿੱਖ ਦਾ ਭਰੋਸਾ ਗੁਰੂ ‘ਤੇ ਬਣਿਆ ਰਹੇ ਤਾਂ ਸਿੱਖ ਕਦੇ ਵੀ ਹਾਰ ਨਹੀਂ ਖਾਂਦਾ, ਸਗੋਂ ਹਰ ਮੁਸ਼ਕਲ ਦਾ ਡਟ ਕੇ ਮੁਕਾਬਲਾ ਕਰਦਾ ਹੋਇਆ ਜਿੱਤ ਪ੍ਰਾਪਤ ਕਰਦਾ ਹੈ। ਸਿੱਖ ਪੰਥ ਵਿੱਚ ਚਰਖੜੀਆਂ ‘ਤੇ ਚੜ੍ਹਨ ਵਾਲਿਆਂ, ਬੰਦ-ਬੰਦ ਕਟਵਾਉਣ ਵਾਲੇ ਨੇ ਕਦੇ ਵੀ ਹਾਰ ਨਹੀਂ ਮੰਨੀ ਤੇ ਅੱਜ ਉਹਨਾਂ ਦਾ ਨਾਂਅ ਇਤਿਹਾਸ ਦੇ ਪੰਨਿਆਂ ‘ਤੇ ਸੁਨਹਿਰੀ ਅੱਖਰਾਂ ਵਿੱਚ ਧਰੂ ਤਾਰੇ ਵਾਂਗ ਚਮਕ ਰਿਹਾ ਹੈ। ਉਹਨਾਂ ਕਿਹਾ ਕਿ ਬੰਦੀ ਸਿੱਖਾਂ ਦੀ ਰਿਹਾਈ ਲਈ ਯਤਨ ਕਰਨਾ ਸਾਡਾ ਫਰਜ਼ ਹੈ, ਜੇਕਰ ਫਿਰ ਵੀ ਰਿਹਾਈ ਨਹੀਂ ਹੁੰਦੀ ਤਾਂ ਕਿਸੇ ਵੀ ਦਿੱਲੀ ਦੇ ਮੌਜੂਦਾ ਔਰੰਗਜ਼ੇਬ ਨੂੰ ਮੰਗ ਪੱਤਰ ਦੇਣ ਦੀ ਲੋੜ ਨਹੀਂ, ਸਗੋਂ ਸਿੱਖ ਸੰਸਥਾਵਾਂ ਦੇ ਬਾਹਰ ਬੰਦੀ ਸਿੰਘਾਂ ਦੀ ਰਿਹਾਈ ਲਈ ਵੱਡੇ-ਵੱਡੇ ਹੋਰਡਿੰਗ ਲਗਾਏ ਜਾਣ, ਜਿਹੜੇ ਦੁਨੀਆ ਭਰ ਦੇ ਲੋਕ ਆ ਕੇ ਵੇਖਣਗੇ ਤੇ ਉਹਨਾਂ ਨੂੰ ਜਾਣਕਾਰੀ ਮਿਲੇਗੀ ਕਿ ਘੱਟ-ਗਿਣਤੀ ਸਿੱਖਾਂ ਨਾਲ ਮੌਜੂਦਾ ਸਾਮਰਾਜ ਵਿੱਚ ਵਧੀਕੀਆਂ ਕਿਸ ਕਦਰ ਹੋ ਰਹੀਆਂ ਹਨ। ਸਾਡੇ ਵੱਖ-ਵੱਖ ਸਮਾਗਮਾਂ ਸਮੇਂ ਲੱਖਾਂ ਦੀ ਗਿਣਤੀ ਵਿੱਚ ਸੰਗਤ ਇਕੱਠੀ ਹੁੰਦੀ ਹੈ ਤੇ ਉਸ ਸਮੇਂ ਸਾਡੇ ਬੱਚਿਆਂ ਦੇ ਹੱਥਾਂ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਲਈ ਤਖਤੀਆਂ ਫੜਾ ਕੇ ਖੜੇ ਕੀਤੇ ਜਾਣ, ਜਿਹਨਾਂ ਉਪਰ ਰਿਹਾਈ ਲਈ ਸਲੋਗਨ ਲਿਖੇ ਹੋਣ। ਉਹਨਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਕਿਸੇ ਕੋਲ ਜਾ ਕੇ ਮਿੰਨਤਾਂ ਕਰਨ ਦੀ ਲੋੜ ਨਹੀਂ ਹੈ, ਸਗੋਂ ਦੁਨੀਆ ਭਰ ਦੀਆਂ ਸਰਕਾਰਾਂ ਨੂੰ ਇਹ ਜਾਣਕਾਰੀ ਦੇਣ ਦੀ ਲੋੜ ਹੈ ਕਿ ਦਿੱਲੀ ਦਰਬਾਰ ਵੱਲੋਂ ਕਿਸ ਤਰੀਕੇ ਨਾਲ ਸਿੱਖਾਂ ਨਾਲ ਵਧੀਕੀਆਂ ਕੀਤੀਆਂ ਜਾਂਦੀਆਂ ਹਨ। ਉਹਨਾਂ ਕਿਹਾ ਕਿ ਸਿੱਖ ਅੱਜ ਵੀ ਸੰਘਰਸ਼ ਕਰਨ ਦੇ ਸਮਰੱਥ ਹਨ ਤੇ ਮੋਰਚਾ ਲਗਾ ਕੇ ਜਿੱਤ ਪ੍ਰਾਪਤ ਕਰਨ ਦੀ ਸਮਰੱਥਾ ਰੱਖਦੇ ਹਨ। ਗਿਆਨੀ ਹਰਪ੍ਰੀਤ ਸਿੰਘ ਦੇ ਆਦੇਸ਼ਾਂ ‘ਤੇ ਸ਼੍ਰੋਮਣੀ




ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਬਣਾਈ ਗਈ 11 ਮੈਂਬਰੀ ਕਮੇਟੀ ਦਾ ਵੀ ਜਥੇਦਾਰ ਨੇ ਆਪ ਹੀ ਇਹ ਕਹਿ ਕੇ ਭੋਗ ਪਾ ਦਿੱਤਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਹੁਣ ਕਿਸੇ ਅੱਗੇ ਵੀ ਲਿਲਕੜੀਆਂ ਕੱਢਣ ਦੀ ਲੋੜ ਨਹੀਂ, ਸਗੋਂ ਦੁਨੀਆ ਭਰ ਵਿੱਚ ਪ੍ਰਚਾਰ ਮਾਧਿਅਮ ਰਾਹੀਂ ਜਾਗਰੂਕ ਕਰਨ ਦੀ ਲੋੜ ਹੈ। ਉਹਨਾਂ ਕਿਹਾ ਕਿ ਹੁਣ ਕੋਈ ਮੰਗ ਪੱਤਰ ਦੇਣ ਦੀ ਲੋੜ ਨਹੀਂ, ਸਗੋਂ ਇਕੱਠੇ ਹੋ ਕੇ ਮੋਰਚੇ ਲਗਾਉਣ ਦੀ ਲੋੜ ਹੈ ਤਾਂ ਕਿ ਸਿੱਖ ਸੰਗਤਾਂ ਨੂੰ ਜਾਗਰੂਕ ਕਰਕੇ ਬੰਦੀ ਸਿੰਘਾਂ ਦੀ ਰਿਹਾਈ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਸਮਾਗਮ ਵਿੱਚ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਤੇ ਦਮਦਮੀ ਟਕਸਾਲ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਵੀ ਮੌਜੂਦ ਸਨ।

## ਇੱਕ ਪਾਸੇ ਵਿਕਾਸ ਦੂਸਰੇ ਪਾਸੇ ਲੋਕ ਭੁੱਖੇ ਮਰ ਰਹੇ ਹਨ:ਸੁਪਰੀਮ ਕੋਰਟ

ਨਵੀਂ ਦਿੱਲੀ: ਸੁਪਰੀਮ ਕੋਰਟ ਨੇ ਵੀਰਵਾਰ ਨੂੰ ਰਾਜ ਸਰਕਾਰਾਂ ਨੂੰ ਵੱਧ ਤੋਂ ਵੱਧ ਮਜ਼ਦੂਰਾਂ ਨੂੰ ਰਾਸ਼ਨ ਯਕੀਨੀ ਬਣਾਉਣ ਲਈ ਰੂਪ ਰੇਖਾ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਅਤੇ ਕਿਹਾ ਕਿ “ਸਾਡੇ ਵਿਕਾਸ ਦੇ ਬਾਵਜੂਦ, ਲੋਕ ਭੁੱਖ ਨਾਲ ਮਰ ਰਹੇ ਹਨ”। ਜਸਟਿਸ ਐਮਆਰ ਸ਼ਾਹ ਅਤੇ ਜਸਟਿਸ ਬੀਵੀ ਨਾਗਰਥਨਾ ਦੀ ਬੈਂਚ ਨੇ ਇੱਕ ਮਾਮਲੇ ਦੀ ਸੁਣਵਾਈ ਕਰਦਿਆਂ ਇਹ ਗੱਲ ਕਹੀ। ਅਦਾਲਤ ਨੇ ਕਿਹਾ ਕਿ ਪ੍ਰਵਾਸੀ ਮਜ਼ਦੂਰ ਰਾਸ਼ਟਰ ਨਿਰਮਾਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ ਅਤੇ ਉਨ੍ਹਾਂ ਦੇ ਅਧਿਕਾਰਾਂ ਨੂੰ ਕਿਤੇ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਸ ਦੇ ਨਾਲ ਹੀ ਅਦਾਲਤ ਨੇ ਕੇਂਦਰ ਨੂੰ ਇੱਕ ਪ੍ਰਣਾਲੀ ਬਣਾਉਣ ਲਈ ਕਿਹਾ ਹੈ ਤਾਂ ਜੋ ਪ੍ਰਵਾਸੀ ਮਜ਼ਦੂਰਾਂ ਨੂੰ ਰਾਸ਼ਨ ਕਾਰਡ ਤੋਂ ਬਿਨਾਂ ਅਨਾਜ ਮਿਲ ਸਕੇ।












# ਸਿੱਧੂ ਮੂਸੇਵਾਲਾ ਦੇ ਕਾਤਲ ਫੜੇ ਜਾਂ ਮਾਰੇ ਗਏ ਪਰ ਅਸਲ ਵੱਡੇ ਸਵਾਲ ਦਾ ਜਵਾਬ ਦੇਣਾ ਅਜੇ ਬਾਕੀ ਹੈ



ਸਿੱਧੂ ਮੂਸੇਵਾਲਾ ਦੇ ਕਾਤਲ ਦੋ ਸ਼ੂਟਰ ਪੁਲਿਸ ਮੁਕਾਬਲੇ ਵਿਚ ਮਾਰੇ ਗਏ, 21 ਜੇਲ ਵਿਚ ਹਨ ਅਤੇ 6 ਅਪਣੀ ਜਾਨ ਬਚਾਉਂਦੇ ਛੁਪਦੇ ਫਿਰ ਰਹੇ ਹਨ। ਬੜੇ ਲੋਕ ਕਹਿ ਰਹੇ ਹਨ ਕਿ ਹੁਣ ਕਲੇਜੇ ਵਿਚ ਠੰਢ ਪੈ ਗਈ ਹੈ ਪਰ ਨਾ ਸਿੱਧੂ ਮੂਸੇਵਾਲਾ ਦੇ ਮਾਂ ਬਾਪ ਕੋਲ ਉਨ੍ਹਾਂ ਦਾ ਪੁੱਤਰ ਵਾਪਸ ਆਉਣਾ ਹੈ ਅਤੇ ਨਾ ਹੀ ਜਗਰੂਪ ਸਿੰਘ ਅਤੇ ਮਨਪ੍ਰੀਤ ਸਿੰਘ ਦੇ ਮਾਂ ਬਾਪ ਦੇ ਕਲੇਜੇ ਵਿਚ ਠੰਢ ਪੈਣੀ ਹੈ। ਐਨਕਾਊਂਟਰ ਤੋਂ ਖ਼ੁਸ਼ੀ ਲੈਣ ਵਾਲੀ ਰੀਤ ਤਾਂ ਪੁਰਾਤਨ ਸਮਾਜ ਦੀ ਹੈ ਜਿਥੇ ਅਪਰਾਧੀ ਨੂੰ ਸਰੇ ਬਾਜ਼ਾਰ, ਲੋਕਾਂ ਦੀ ਭੀੜ ਦੇ ਸਾਹਮਣੇ ਮਾਰ ਦਿਤਾ ਜਾਂਦਾ ਸੀ।

ਅਪਰਾਧੀ ਸਮਾਜ ਵਿਚੋਂ ਨਹੀਂ ਕੱਢੇ ਜਾ ਸਕਦੇ, ਇਹ ਜ਼ਿੰਦਗੀ ਦੀ ਹਕੀਕਤ ਹਨ ਪਰ ਜੋ ਕੁੱਝ ਅੱਜ ਪੰਜਾਬ ਵਿਚ ਹੋ ਰਿਹਾ ਹੈ, ਉਹ ਪੰਜਾਬੀ ਸਮਾਜ ਦਾ ਅਨਿੱਖੜਵਾਂ ਅੰਗ ਨਹੀਂ ਬਲਕਿ ਮਾੜੇ ਹਾਲਾਤ 'ਚੋਂ ਉਪਜਿਆ ਇਕ ਵਿਗਾੜ ਹੈ ਜਿਸ ਵਿਚ ਐਨਕਾਊਂਟਰ ਸਿਰਫ਼ ਕੁੱਝ ਲੋਕਾਂ ਦੇ ਅਸ਼ਾਂਤ ਮਨਾਂ ਨੂੰ ਸ਼ਾਂਤ ਕਰਨ ਦਾ ਇਕ ਤਰੀਕਾ ਹੈ। ਪੰਜਾਬ ਪੁਲਿਸ ਵਲੋਂ ਇਹ ਕੀਤਾ ਜਾਣਾ ਜ਼ਰੂਰੀ ਸੀ ਕਿਉਂਕਿ ਇਹ ਦੋਵੇਂ ਅਪਰਾਧੀ ਉਸ ਲਕੀਰ ਨੂੰ ਪਾਰ ਕਰ ਚੁਕੇ ਸਨ ਜਿਸ ਤੋਂ ਬਾਅਦ ਘਰ ਵਾਪਸੀ ਦਾ ਰਾਹ ਬੰਦ ਹੋ ਜਾਂਦਾ ਹੈ। ਏਜੰਸੀਆਂ ਨੂੰ ਜਾਣਕਾਰੀ ਸੀ ਕਿ ਇਹ ਦੋਵੇਂ ਕਿਸੇ ਹੋਰ ਵੱਡੇ ਨਿਸ਼ਾਨੇ ਦੀ ਤਾਕ ਵਿਚ ਹਨ ਤੇ ਜੇ ਪੰਜਾਬ ਪੁਲਿਸ ਇਨ੍ਹਾਂ ਨੂੰ ਨਾ ਮਾਰਦੀ ਤਾਂ ਇਨ੍ਹਾਂ ਨੇ ਕਿਸੇ ਹੋਰ ਦੇ ਘਰ ਵਿਚ ਮਾਤਮ ਵਿਛਾ ਕੇ ਰਹਿਣਾ ਸੀ।


ਪਰ ਇਹ ਸਿਰਫ਼ ਇਕ ਤਰੀਕਾ ਹੈ ਸਮੱਸਿਆ ਨਾਲ ਨਿਪਟਣ ਦਾ। ਪੁਲਿਸ ਅਪਣੇ ਵਲੋਂ ਹੋਰ ਢੰਗ ਲੱਭਣ ਦੇ ਵੀ ਯਤਨ ਕਰ ਰਹੀ ਹੈ। ਕਦੇ ਉਦਯੋਗਪਤੀਆਂ ਤੋਂ ਫਿਰੌਤੀ ਮੰਗਦੇ ਸਮੂਹਾਂ ਦੇ ਮੈਂਬਰਾਂ ਨੂੰ ਫੜ ਰਹੀ ਹੈ, ਕਦੇ ਨਸ਼ੇ ਵੇਚਣ ਵਾਲੇ ਪਿੰਡ ਪਿੰਡ ਬੈਠੇ ਤਸਕਰਾਂ ਤੇ ਛਾਪੇ ਮਾਰ ਰਹੀ ਹੈ। ਪਰ ਨੌਜਵਾਨ ਫਿਰ ਵੀ ਰੋਜ਼ ਮਰ ਰਹੇ ਹਨ। ਦਾਖੇ ਵਿਚ ਇਕ ਨੌਜਵਾਨ ਨਸ਼ੇ ਦਾ ਟੀਕਾ ਲਗਾਉਣ ਤੋਂ ਬਾਅਦ ਮਰਿਆ ਮਿਲਿਆ ਤੇ ਇਸੇ ਤਰ੍ਹਾਂ ਹਰ ਪਿੰਡ ਵਿਚ ਜ਼ਿਆਦਾ ਨਹੀਂ ਤਾਂ ਇਕ ਬੰਦਾ ਤਾਂ ਨਸ਼ੇ ਦੀ ਭੇਂਟ ਚੜ੍ਹਿਆ ਹੀ ਹੈ। ਏਨੀ ਸਖ਼ਤੀ ਤੋਂ ਬਾਅਦ ਵੀ ਨਸ਼ਿਆਂ ਦੇ ਵਪਾਰੀ ਡਰ ਕਿਉਂ ਨਹੀਂ ਰਹੇ? ਕਿਉਂਕਿ ਅਸੀ ਸਿਰਫ਼ ਬੀਮਾਰੀ ਦੇ ਲੱਛਣਾਂ ਵਲ ਧਿਆਨ ਦੇ ਰਹੇ ਹਾਂ, ਕਾਰਨਾਂ ਵਲ ਨਹੀਂ।

ਅਸਲ ਬੀਮਾਰੀ ਸਮਾਜ ਦੇ ਜਿਸਮ ਵਿਚ ਬਹੁਤ ਡੂੰਘੀ ਧੱਸ ਚੁੱਕੀ ਹੈ ਅਤੇ ਜਦ ਤਕ ਬੀਮਾਰੀ ਦੀ ਜੜ੍ਹ ਨੂੰ ਹੱਥ ਨਹੀਂ ਪਾਉਂਦੇ, ਨਸ਼ਿਆਂ ਤੇ ਰੋਕ ਨਹੀਂ ਲਗਣੀ। ਅੱਜ ਕਿਉਂ ਕਿਸੇ ਗੈਂਗਸਟਰ ਦੇ ਮਾਰੇ ਜਾਣ ਤੇ ਦਿਲ ਨੂੰ ਤਸੱਲੀ ਨਹੀਂ ਹੁੰਦੀ? ਕਿਉਂਕਿ ਅਸੀ ਸਾਰੇ ਜਾਣਦੇ ਹਾਂ ਕਿ ਇਕ ਖ਼ੂੰਖ਼ਾਰ ਗੈਂਗਸਟਰ ਵੀ ਕਿਸੇ ਦਾ ਪਿਆਦਾ ਹੀ ਸੀ। ਅੱਜ ਵੀ ਅਸਲ ਦੋਸ਼ੀਆਂ ਨੂੰ ਅਰਥਾਤ ਫੜੇ ਗਏ ਅਪ੍ਰਾਧੀਆਂ ਦੇ ਸਿਆਸੀ 'ਮਾਈ ਬਾਪ' ਨੂੰ ਕੋਈ ਹੱਥ ਨਹੀਂ ਪਾ ਰਿਹਾ। ਅਸੀ ਵਾਰ-ਵਾਰ ਵੇਖਦੇ ਹਾਂ ਕਿ ਜੇਲ ਵਿਚੋਂ ਨਸ਼ੇ ਤੇ ਫ਼ੋਨ ਬਰਾਮਦ ਹੁੰਦੇ ਹਨ ਪਰ ਕੀ ਇਸ ਲਈ ਸਲਾਖ਼ਾਂ ਪਿੱਛੇ ਡੱਕੇ ਗਏ ਕੈਦੀ ਜ਼ਿੰਮੇਵਾਰ ਹਨ ਜਾਂ ਉਹ ਜਿਨ੍ਹਾਂ ਨੂੰ ਜੇਲ ਦੇ ਅੰਦਰ ਦੇ ਹਾਲਾਤ ਦੀ ਰਾਖੀ ਸੌਂਪੀ ਗਈ ਹੈ? ਏ.ਡੀ.ਜੀ.ਪੀ. ਹਰਪ੍ਰੀਤ ਸਿੱਧੂ ਵਲੋਂ ਗੈਂਗਸਟਰਾਂ ਤੇ ਸਿਆਸਤਦਾਨਾਂ ਵਿਚਕਾਰ ਦੀ ਸਾਂਝ ਦੀ ਇਕ ਰੀਪੋਰਟ ਲਿਫ਼ਾਫ਼ੇ ਵਿਚ ਬੰਦ ਹੈ ਪਰ ਕੋਈ ਉਸ ਨੂੰ ਖੋਲ੍ਹਣ ਦੀ ਹਿੰਮਤ ਨਹੀਂ ਕਰਦਾ। ਕਿਉਂ? ਕੋਈ ਸਿਆਸੀ ਪਾਰਟੀ ਉਸ ਬਾਰੇ ਆਵਾਜ਼ ਵੀ ਨਹੀਂ ਚੁਕਦੀ ਹਾਲਾਂਕਿ ਬੀਮਾਰੀ ਦਾ ਅਸਲ ਇਲਾਜ ਉਸ ਵਿਚ ਬੰਦ ਪਿਆ ਦਸਿਆ ਜਾਂਦਾ ਹੈ। ਇਹ ਸਾਰੇ ਗੈਂਗਸਟਰ, ਸਿਆਸਤਦਾਨ, ਫਿਰੌਤੀਆਂ, ਨਸ਼ਾ ਤਸਕਰੀ, ਵਪਾਰ ਨਾਲ ਜੁੜੇ ਹੋਏ ਹਨ। ਇਨ੍ਹਾਂ ਨਾਵਾਂ ਵਿਚੋਂ ਕੁੱਝ ਨਾਂ ਪੁਲਿਸ ਵਾਲਿਆਂ ਦੇ ਵੀ ਹੋਣਗੇ, ਕੁੱਝ ਸਿਆਸਤਦਾਨਾਂ ਦੇ ਵੀ ਹੋਣਗੇ ਤੇ ਜਦ ਤਕ ਇਸ ਸੱਭ ਕੁੱਝ ਤੋਂ ਪਰਦਾ ਨਹੀਂ ਚੁਕਿਆ ਜਾਂਦਾ, ਇਹ ਲੋਕ ਸਾਡੇ ਨੌਜਵਾਨਾਂ ਨੂੰ ਅਪਣੇ ਜਾਲ ਵਿਚ ਫਸਾਉਣ ਵਿਚ ਕਾਮਯਾਬ ਹੁੰਦੇ ਹੀ ਰਹਿਣਗੇ।

ਕਿਸੇ ਵੀ ਗੈਂਗਸਟਰ ਦੀ ਮੌਤ ਤੇ ਤਸੱਲੀ ਨਹੀਂ ਹੁੰਦੀ ਕਿਉਂਕਿ ਜਿੰਨਾ ਕੁ ਦੋਸ਼ੀ ਉਹ ਆਪ ਸੀ, ਉਸ ਤੋਂ ਵੱਧ ਉਹ ਕਿਸੇ ਤਾਕਤਵਰ ਸਿਆਸਤਦਾਨ ਜਾਂ ਅਫ਼ਸਰ ਦਾ ਇਕ ਪਿਆਦਾ ਸੀ। ਅਖ਼ਬਾਰੀ ਖ਼ਬਰਾਂ ਅਨੁਸਾਰ, ਸਿੱਧੂ ਮੂਸੇਵਾਲਾ ਨੂੰ ਮਾਰਨ ਦੀ ਸਾਜ਼ਸ਼ ਵਿਚ ਸ਼ਾਮਲ ਹੋਣ ਵਾਲੇ ਮੁੰਡਿਆਂ ਨੂੰ ਕੇਵਲ 10-10 ਹਜ਼ਾਰ ਰੁਪਏ ਦੇ ਕੇ ਵਰਤ ਲਿਆ ਗਿਆ। ਇਹ ਉਨ੍ਹਾਂ ਦੀ ਗ਼ਰੀਬੀ ਤੇ ਮਜਬੂਰੀ ਦਾ ਸੂਚਕ ਸੀ ਜਿਸ ਕਾਰਨ ਉਹ ਇਸ ਵੱਡੇ ਅਪਰਾਧ ਦਾ ਭਾਗ ਬਣ ਗਏ। ਵੱਡੇ ਪ੍ਰਸ਼ਨ ਦਾ ਹੱਲ ਲੱਭਣ ਸਮੇਂ ਇਨ੍ਹਾਂ ਛੋਟੇ ਤੱਥਾਂ ਨੂੰ ਵੀ ਨਜ਼ਰ-ਅੰਦਾਜ਼ ਨਹੀਂ ਕਰ ਦੇਣਾ ਚਾਹੀਦਾ।-

- ਨਿਮਰਤ ਕੌਰ

# ਦੁਨੀਆਂ ਤਰਸਯੋਗ ਤੇ ਨਾਖੁਸ਼ ਹੁੰਦੀ ਜਾ ਰਹੀ ਹੈ':ਸਸ਼ਮਿਤਾ ਸੇਨ



ਮੁੰਬਈ:-ਬਾਲੀਵੁੱਡ ਅਦਾਕਾਰਾ ਸੁਸ਼ਮਿਤਾ ਸੇਨ ਅਤੇ ਕਾਰੋਬਾਰੀ ਲਲਿਤ ਮੋਦੀ ਦੇ ਰਿਸ਼ਤੇ ਨੂੰ ਲੈ ਲੋਕਾਂ ਦੀਆਂ ਵੱਖ-ਵੱਖ ਪ੍ਰਤੀਕਿਰਿਆਵਾਂ ਸਾਹਮਣੇ ਆ ਰਹੀਆਂ ਹਨ।ਕੁਝ ਲੋਕ ਅਦਾਕਾਰਾ 'ਤੇ ਨਿਸ਼ਾਨਾ ਸਾਧ ਰਹੇ ਹਨ ਅਤੇ ਉਨ੍ਹਾਂ ਨੂੰ 'ਗੋਲਡ ਡਿਗਰ' ਕਹਿ ਰਹੇ ਹਨ। ਉਨ੍ਹਾਂ ਦੇ ਕਹਿਣ ਦਾ ਮਤਲਬ ਹੈ ਕਿ ਅਦਾਕਾਰਾ ਸੋਨੇ ਦੀ ਖਾਨ ਨੂੰ ਹੱਥ ਪਾਉਣ ਵਾਲੀ ਹੈ ਜਾਂ ਪੈਸਿਆਂ ਦੀ ਲਾਲਚੀ ਹੈ।ਸੁਸ਼ਮਿਤਾ ਨੇ ਲੋਕਾਂ ਦੇ ਅਜਿਹੇ ਵਿਚਾਰਾਂ 'ਤੇ ਦੁੱਖ ਪ੍ਰਗਟ ਕੀਤਾ ਹੈ ਅਤੇ ਨਾਲ ਹੀ ਉਨ੍ਹਾਂ ਨੂੰ ਕਰਾਰਾ ਜਵਾਬ ਵੀ ਦਿੱਤਾ ਹੈ।ਸੁਸ਼ਮੀਤ ਸੇਨ ਨੇ ਪੋਸਟ 'ਚ ਉਨ੍ਹਾਂ ਲਿਖਿਆ, ''ਇਹ ਦੇਖਣਾ ਦੁੱਖਦਾਈ ਹੈ ਕਿ ਕਿਵੇਂ ਆਲੇ-ਦੁਆਲੇ ਦੀ ਦੁਨੀਆ ਤਰਸਯੋਗ ਅਤੇ ਨਾਖੁਸ਼ ਹੁੰਦੀ ਜਾ ਰਹੀ ਹੈ...''ਉਨ੍ਹਾਂ ਅੱਗੇ ਲਿਖਿਆ, ''ਤਥਾਕਥਿਤ ਬੁੱਧੀਜੀਵੀ ਆਪਣੀਆਂ ਆਦਤਾਂ ਨਾਲ... ਅਣਗੌਲੇ ਵਿਅਕਤੀ ਆਪਣੀ ਬਕਵਾਸ ਅਤੇ ਕਦੇ-ਕਦੇ ਗਾਸਿਪ (ਚੁਗਲੀਆਂ) ਨਾਲ...ਜੋ ਕਦੇ ਮੇਰੇ ਦੋਸਤ ਨਹੀਂ ਰਹੇ ਅਤੇ ਜਿਨ੍ਹਾਂ ਨੂੰ ਮੈਂ ਕਦੇ ਨਹੀਂ ਮਿਲੀ...ਉਹ ਸਾਰੇ ਮੇਰੀ ਜ਼ਿੰਦਗੀ ਅਤੇ ਚਰਿੱਤਰ ਨੂੰ ਲੈ ਕੇ ਵੱਡੇ-ਵੱਡੇ ਵਿਚਾਰ ਅਤੇ ਜਾਣਕਾਰੀਆਂ ਸ਼ੇਅਰ ਕਰ ਰਹੇ ਹਨ...''''ਉਹ ਆਪ 'ਗੋਲਡ ਡਿਗਰ' ਤੋਂ ਫ਼ਾਇਦਾ ਚੁੱਕ ਰਹੇ ਹਨ!! ਇਹ ਬੁੱਧੀਮਾਨ!!''ਸੁਸ਼ਮਿਤਾ ਨੇ ਹੋਰ ਲਿਖਿਆ, ''ਮੈਂ ਗੋਲਡ (ਸੋਨੇ) ਤੋਂ ਅੱਗੇ ਦੀ ਗੱਲ ਕਰਦੀ ਹਾਂ... ਅਤੇ ਮੈਂ ਹਮੇਸ਼ਾ ਤੋਂ ਡਾਇਮੰਡ (ਹੀਰੇ) ਪਸੰਦ ਕਰਦੀ ਹਾਂ (ਸਭ ਨੂੰ ਪਤਾ ਹੈ)... ਅਤੇ ਹਾਂ, ਮੈਂ ਹੁਣ ਵੀ ਉਹ ਆਪ ਖਰੀਦਦੀ ਹਾਂ।''






# ਪਾਣੀ ਬਚਾਓ ਖੇਤੀ ਬਚਾਓ" ਮੋਰਚਾ:ਇਹ ਸੰਘਰਸ਼ ਵੀ ਕਾਲ਼ੇ ਖੇਤੀ ਕਾਨੂੰਨਾਂ ਦੇ ਵਿਰੋਧੀ ਸੰਘਰਸ਼ ਨਾਲ਼ੋਂ ਵੀ ਵੱਧ ਸਖ਼ਤ ਅਤੇ ਲਮਕਵਾਂ ਹੋਵੇਗਾ:ਉਗਰਾਹਾਂ

ਚੰਡੀਗੜ੍ਹ:-ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਅਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਬਰਸਾਤੀ ਮੌਸਮ ਤੋਂ ਬੇਪ੍ਰਵਾਹ ਹੋ ਕੇ "ਸੰਸਾਰ ਬੈਂਕ ਤੋਂ ਪਾਣੀ ਬਚਾਓ ਖੇਤੀ ਬਚਾਓ" ਮੁਹਿੰਮ ਦੇ ਪੰਜਵੇਂ ਦਿਨ ਲਾਮਬੰਦੀਆਂ ਨੂੰ ਜ਼ਰਬਾਂ ਦਿੰਦਿਆਂ 16 ਥਾਂਵਾਂ'ਤੇ ਪੰਜ ਰੋਜ਼ਾ ਪੱਕੇ ਮੋਰਚੇ ਸੰਘਰਸ਼ ਨੂੰ ਹੋਰ ਵਿਸ਼ਾਲ ਅਤੇ ਤੇਜ਼ ਕਰਨ ਦੇ ਐਲਾਨ ਨਾਲ ਮੁਲਤਵੀ ਕੀਤੇ ਗਏ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਭਾਕਿਯੂ (ਏਕਤਾ-ਉਗਰਾਹਾਂ) ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਉਨ੍ਹਾਂ ਦੀ ਜਥੇਬੰਦੀ ਵੱਲੋਂ ੀ ਦੌਧਰ (ਮੋਗਾ) ਵਿਖੇ ਲਾਰਸਨ ਐਂਡ ਟੂਬਰੋ ਪ੍ਰੋਜੈਕਟ, ਪੇਪਰ ਮਿੱਲ ਟ੍ਰਾਈਡੈਂਟ ਬਰਨਾਲਾ ਤੇ ਖੰਨਾ ਮਿੱਲ ਅੰਮ੍ਰਿਤਸਰ, ਬੁੱਢਾ ਨਾਲਾ ਲੁਧਿਆਣਾ, ਚਿੱਟੀ ਵੇਂਈਂ ਮਲਸੀਆਂ ਤੋਂ ਇਲਾਵਾ ਪਟਿਆਲਾ, ਫ਼ਰੀਦਕੋਟ ਅਤੇ ਫਿਰੋਜ਼ਪੁਰ ਦੇ ਨਹਿਰੀ ਵਿਭਾਗ ਦਫ਼ਤਰਾਂ ਅੱਗੇ ਜਾਰੀ ਰਹੇ। ਇਨ੍ਹਾਂ ਮੋਰਚਿਆਂ ਵਿੱਚ ਬਸੰਤੀ ਚੁੰਨੀਆਂ, ਪੱਗਾਂ ਤੇ ਪਰਨਿਆਂ ਸੰਗ ਸ਼ਹੀਦ ਭਗਤ ਸਿੰਘ ਦੀ ਸਾਮਰਾਜ ਵਿਰੋਧੀ ਸੋਚ ਨੂੰ ਅੱਗੇ ਵਧਾ ਰਹੇ ਕਿਸਾਨਾਂ ਮਜ਼ਦੂਰਾਂ ਨੌਜਵਾਨਾਂ ਤੇ ਔਰਤਾਂ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।ਪੇਂਡੂ ਜਲ ਸਪਲਾਈ ਦਾ ਸਾਫ਼ ਪਾਣੀ ਘਰ ਘਰ ਮੁਫ਼ਤ ਪਹੁੰਚਾਉਣ ਵਾਲਾ ਪਹਿਲਾਂ ਵਾਲਾ ਢਾਂਚਾ ਬਹਾਲ ਕਰਕੇ ਮੁਕੰਮਲ ਪੱਕੀ ਸਰਕਾਰੀ ਭਰਤੀ ਕੀਤੀ ਜਾਵੇ। ਨਹਿਰੀ ਸਿੰਚਾਈ ਦੇ ਇੰਤਜ਼ਾਮਾਂ ਲਈ ਵੱਡੇ ਸਰਕਾਰੀ ਬਜਟ ਜੁਟਾਏ ਜਾਣ, ਹੋਰ ਵਧੇਰੇ ਜ਼ਮੀਨ ਨੂੰ ਨਹਿਰੀ ਪਾਣੀ ਦੀ ਸਿੰਚਾਈ ਅਧੀਨ ਲਿਆਂਦਾ ਜਾਵੇ। ਦਰਿਆਵਾਂ, ਨਹਿਰਾਂ, ਸੇਮ-ਨਾਲਿਆਂ, ਅਤੇ ਧਰਤੀ ਹੇਠਲੇ ਪਾਣੀ ਨੂੰ ਪ੍ਰਦੂਸ਼ਿਤ ਕਰ ਰਹੀਆਂ ਫੈਕਟਰੀਆਂ ਤੇ ਹੋਰ ਅਦਾਰਿਆਂ ਖਿਲਾਫ ਕਾਨੂੰਨੀ ਕਾਰਵਾਈ ਕਰਕੇ ਸਖਤ ਸਜ਼ਾਵਾਂ ਦਿੱਤੀਆਂ ਜਾਣ ਅਤੇ ਪ੍ਰਦੂਸ਼ਿਤ ਪਾਣੀ ਨੂੰ ਸਾਫ਼ ਕਰਕੇ ਮੁੜ ਵਰਤੋਂ ਵਿੱਚ ਲਿਆਂਦਾ ਜਾਵੇ।


*ਬੇਰੀ ਪਿੱਕਰਾਂ ਦੀ ਲੋੜ*

ਬੇਰੀ ਤੋੜਨ ਦਾ ਕੰਮ 1 ਜੂਨ ਤੋਂ ਸ਼ੁਰੂ ਹੋਵੇਗਾ।ਬੇਰੀ ਤੋੜਨ ਵਾਲੇ ਵਰਕਰਾਂ ਨੂੰ ਸਾਰਾ ਸਾਲ ਕੰਮ ਦਿੱਤਾ ਜਾਵੇਗਾ।ਬੇਰੀ ਵਧੀਆ ਅਤੇ ਮੋਟੀ ਹੈ।ਵਧੀਆ ਤਨਖਾਹ ਅਤੇ ਘਰ ਵਰਗਾ ਮਾਹੌਲ। ਸਰੀਂ, ਡੈਲਟਾ, ਕਲੋਵਰਡੇਲ, ਐਬਟਸਫੋਰਡ ਤੋਂ ਘਰੋਂ ਚੁੱਕਣ ਅਤੇ ਛੱਡਣ ਦਾ ਪ੍ਰਬੰਧ।ਅਮਰੀਕਾ, ਕੈਲਗਰੀ, ਟਰਾਂਟੋ, ਵਿਨੀਪੈਗ ਤੋਂ ਆਉਣ ਵਾਲੇ ਵਰਕਰਾਂ ਲਈ ਰਿਹਾਇਸ਼ ਦਾ ਪ੍ਰਬੰਧ ਹੋਵੇਗਾ।

ਕਲਾਸ 4 ਅਤੇ 5 ਵੈਨ ਡਰਾਈਵਰਾਂ ਦੀ ਵੀ ਲੋੜ ਹੈ

ਹੈਪੀ ਧਾਲੀਵਾਲ

604-614-1680

ਫਾਰਮ ਓਨਰ/ਗ੍ਰੀਨ ਹਾਊਸ/ਨਰਸਰੀ ਮਾਲਕ ਲੇਬਰ ਸਪਲਾਈ ਲਈ ਸੰਪਰਕ ਕਰ ਸਕਦੇ ਹੋ

0523



ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097
By Appointment Only
#202-12677-80AVE SURREY



H.M.S. Accounting & Tax Services Ltd.
hmsaccounting@gmail.com



Over 35 Yrs Experience
Expert in Quickbook Training

WCB, PST, GST, Personal & Corporate Taxes & Registration of sole proprietorship and new corporate companies

ਹੇਠ ਲਿਖੇ ਕਿਸੇ ਵੀ ਤਰਾਂ ਦੇ ਫਾਰਮ ਭਰਨੇ:
Contact us for Resume Making, EI Internet filing, Passport Applications, PR cards and all other type of applications.

ਅਸੀਂ ਪਰਨਸਲ ਅਤੇ ਬਿਜਨੈਸ ਟੈਕਸ ਰਿਟਰਨ ਈ-ਫਾਈਲ ਕਰਦੇ ਹਾਂ

Personal Tax e-filing for just $25

Call Manvir Singh
604-360-7241
#106-12414-82 Ave Surrey



THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੈਸਟਿਕ ਅਤੇ ਇਮਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC


## (ਮੁੱਖ ਪੰਨੇ ਦੀ ਬਾਕੀ) ਪੰਜਾਬ ਦੇ ਪੁੱਤ ਨੇ ਕੈਨੇਡਾ 'ਚ ਚਮਕਾਇਆ ਨਾਂ

ਗੁਰਦਾਸਪੁਰ:ਪੰਜਾਬੀ ਜਿੱਤੇ ਵੀ ਜਾਂਦੇ ਨੇ ਆਪਣੀ ਮਿਹਨਤ ਨਾਲ ਕੰਮ ਕਰ ਕੇ ਬੁਲੰਦੀਆਂ ਹਾਸਲ ਕਰ ਲੈਂਦੇ ਹਨ। ਪਿਛਲੇ ਕੁੱਝ ਦਿਨਾਂ ਵਿਚ ਕਈ ਭਾਰਤੀਆਂ ਅਤੇ ਪੰਜਾਬੀਆਂ ਨੇ ਵਿਦੇਸ਼ਾਂ ਵਿਚ ਜਾ ਕੇ ਆਪਣੀ ਮਿਹਨਤ ਦੇ ਝੰਡੇ ਗੱਡੇ ਹਨ। ਅਜਿਹੀ ਹੀ ਮਾਣਮੱਤੀ ਪ੍ਰਾਪਤੀ ਪੰਜਾਬ ਦੇ ਰਹਿਣ ਵਾਲੇ ਪੁੱਤ ਨੇ ਹਾਸਲ ਕੀਤੀ।ਗੁਰਦਾਸਪੁਰ ਦੇ ਸੁਖਮਨਪ੍ਰੀਤ ਸਿੰਘ ਨੇ ਕੈਨੇਡਾ ਵਿੱਚ ਅੰਡਰ ਹਾਕੀ ਟੀਮ ਦਾ ਕਪਤਾਨ ਬਣ ਕੇ ਪੂਰੇ ਪੰਜਾਬ ਦਾ ਨਾਂ ਰੋਸ਼ਨ ਕੀਤਾ ਹੈ।ਇਸ ਨਾਲ ਉਸ ਦੇ ਪਰਿਵਾਰ ਦੇ ਨਾਲ ਪੂਰਾ ਜ਼ਿਲ੍ਹਾ ਮਾਣ ਮਹਿਸੂਸ ਕਰ ਰਿਹਾ ਹੈ ਕਿ ਇੱਕ ਪੰਜਾਬੀ ਮੁੰਡਾ ਗੋਰਿਆਂ ਦੀ ਹਾਕੀ ਟੀਮ ਦਾ ਕਪਤਾਨ ਬਣਾਇਆ ਗਿਆ ਹੈ।ਸੁਖਮਨਪ੍ਰੀਤ ਸਿੰਘ ਦੇ ਪਿਤਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਉਹਨਾਂ ਦੇ ਪੁੱਤ ਨੂੰ ਕੈਨੇਡਾ ਵਿੱਚ ਹੋਣ ਜਾ ਰਹੀ ਫੀਲਡ ਹਾਕੀ ਨੈਸ਼ਨਲ ਚੈਂਪੀਅਨਸ਼ਿਪ (ਅੰਡਰ 18 ਸਾਲ) ਲਈ ਕੈਨੇਡਾ ਦੇ ਸੂਬੇ ਬ੍ਰਿਟਿਸ ਕੋਲੰਬੀਆ ਦੀ ਟੀਮ ਦਾ ਕਪਤਾਨ ਬਣਾਇਆ ਗਿਆ ਹੈ, ਜਿਸ ਨਾਲ ਉਸ ਦੀ ਜ਼ਿੰਮੇਵਾਰੀ ਹੋਰ ਵੱਧ ਗਈ ਹੈ।ਇਹ ਟੂਰਨਾਮੈਂਟ ਬ੍ਰਿਟਿਸ ਕੋਲੰਬੀਆ ਦੇ ਪੰਜਾਬੀ ਆਬਾਦੀ ਵਾਲੇ ਸ਼ਹਿਰ ਸਰੀ ਵਿਖੇ 30 ਜੁਲਾਈ ਤੋ 3 ਅਗਸਤ ਤੱਕ ਚੱਲੇਗਾ।

## (ਮੁੱਖ ਪੰਨੇ ਦੀ ਬਾਕੀ) ਸਵਰਗੀ ਆਸਾ ਸਿੰਘ ਜੌਹਲ ਦੇ ਨਾ ਤੇ ਰੱਖਿਆ ਵੱਡਾ ਇਨਾਮ

ਟਰਫੀ ਗੁਰੂ ਘਰ ਦੀ ਲੌਬੀ ਵਿਚ ਰੱਖੀ ਜਾਵੇਗੀ ਜਿਸ ਉਪਰ ਹਰ ਸਾਲ ਜਿੱਤਣ ਵਾਲੀ ਟੀਮ ਦਾ ਨਾਂਮ ਲਿਖਿਆ ਜਾਵੇਗਾ।ਇਸ ਸਿਲਸਿਲੇ ਵਿਚ ਇਸ ਸਾਲ 17 ਜੁਲਾਈ ਨੂੰ ਨੇਸ਼ੰਨਜ ਕੱਪ ਦੀ ਜੇਤੂ ਟੀਮ ਨੂੰ ਪੰਜ ਹਜਾਰ ਡਾਲਰ ਦਾ ਚੈੱਕ ਅਤੇ ਕਪ ਦੇਣ ਲਈ ਆਸਾ ਸਿੰਘ ਜੌਹਲ ਦੇ ਸਪੁੱਤਰ ਹਰਦਰਸ਼ਨ ਸਿੰਘ (ਦਰਸ਼ੀ) ਜੌਹਲ ਅਤੇ ਗੁਰੂ ਘਰ ਦੇ ਪ੍ਰਬੰਧਕਾਂ ਅਤੇ ਜੌਹਲ ਸਾਹਿਬ ਦੇ ਸ਼ੁਭਚਿੰਤਕਾਂ ਨੇ ਹਿਊ ਬੋਏਡ ਸਕੂਲ/ਵੈਸਟ ਰਿਚਮੰਡ ਕਮਿਊਨਿਟੀ ਸੈਂਟਰ , ਫਰਾਂਸਿਸ ਸਟਰੀਟ ਅਤੇ ਨੰਬਰ ਇਕ ਰੋਡ ਰਿਚਮੰਡ ਵਿਖੇ ਪਹੁੰਚ ਕੇ ਖੇਡ ਦਾ ਅਨੰਦ ਮਾਣਿਆ ਦਰਸ਼ੀ ਜੌਹਲ ਨੇ ਸਾਡੇ ਸਭ ਵਲੋਂ ਆਪਣੇ ਪਿਤਾ ਜੀ ਦੀ ਯਾਦ ਵਿਚ ਜੇਤੂ ਟੀਮ ਨੂੰ ਕੱਪ ਅਤੇ ਪੰਜ ਹਜਾਰ ਡਾਲਰ ਦਾ ਚੈੱਕ ਦਿੱਤਾ ।ਸਾਡੇ ਸਭ ਲਈ ਇਹ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਅਸੀਂ ਆਪਣੇ ਪਿਆਰੇ ਅਤੇ ਸਤਿਕਾਰਯੋਗ ਸਾਬਕਾ ਚੇਅਰਮੈਨ ਅਤੇ ਕਮਿਊਨਿਟੀ ਦੇ ਥੰਮ੍ਹ ਅਸਾ ਸਿੰਘ ਜੌਹਲ ਨੂੰ ਇਹ ਸ਼ਰਧਾਂਜਲੀ ਭੇਂਟ ਕਰ ਰਹੇ ਹਾਂ।


The Builder's Direct
Experienced & Honest
Bath & Kitchen Fixtures



Wholesale price to public
We carry all major brands



Fireplaces Also Available
Get all kind of Kitchen & Washroom Fixtures at wholesale prices.
Call For Free Estimates
Harjit Sahota: 778-808-2628
604-593-7755
12652-82 Ave, Surrey BC






ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।
ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ
ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ
ਹੋਰ ਜਾਣਕਾਰੀ ਲਈ ਫੋਨ ਕਰੋ
604-607-0333




Valley Agro Ltd.
604-591-8594
#207a-8556 120 Street, Surrey, BC



ਸਾਨੂੰ ਵੈਨਕੂਵਰ, ਰਿਚਮੰਡ, ਸਰੀ-ਡੈਲਟਾ, ਨਿਊਵੈਸਟ ਤੇ ਬਰਨਬੀ ਤੋਂ
ਬਲਿਊ ਬੇਰੀ ਪਿਕਰਾਂ ਦੀ ਲੋੜ
ਸਾਡੇ ਕੋਲ ਬਲਿਊਬੇਰੀ ਅਤੇ ਸਿਆਲੂ ਬੇਰੀ ਦਾ ਕੰਮ ਵੀ ਹੈ।
ਤੁਹਾਡੀ ਤੋੜੀ ਹੋਈ ਬਲਿਊਬੇਰੀ ਪੂਰੀ ਇਮਾਨਦਾਰੀ ਨਾਲ ਜੋਖੀ ਜਾਵੇਗੀ।
- ਘਰੋਂ ਲਿਜਾਣ ਅਤੇ ਛੱਡਣ ਦਾ ਪੂਰਾ ਪ੍ਰਬੰਧ ਹੈ।
- ਕੀਤੇ ਕੰਮ ਦੀਆਂ ਸਟੈਂਪਾਂ ਦਿੱਤੀਆਂ ਜਾਣਗੀਆਂ।
- ਤਨਖਾਹ ਹਰ ਦੋ ਹਫ਼ਤੇ ਬਾਅਦ ਦਿੱਤੀ ਜਾਵੇਗੀ।
ਬੇਰੀ ਤੋੜਨ ਦਾ ਕੰਮ ਜੁਲਾਈ ਦੇ ਪਹਿਲੇ ਹਫ਼ਤੇ ਤੋਂ ਸ਼ੁਰੂ ਹੋਵੇਗਾ।

ਟਰੱਕ ਡਰਾਈਵਰਾਂ ਦੀ ਲੋੜ
ਸਾਨੂੰ ਟਰੱਕ ਡਰਾਈਵਰ ਬੇਰੀ ਕੈਨਰੀ ਵਿੱਚ ਲੈ ਕੇ ਜਾਣ ਲਈ ਚਾਹੀਦੇ ਹਨ।
ਜਿਨ੍ਹਾਂ ਕੋਲ ਕਲਾਸ 1 ਜਾਂ ਕਲਾਸ 5 ਲਾਇਸੈਂਸ (With Air Brakes) ਹੋਵੇ।
ਮਿੰਨੀ ਬੱਸ ਜਾਂ ਵੈਨ ਡਰਾਈਵਰਾਂ ਦੀ ਵੀ ਲੋੜ
ਜਿਨ੍ਹਾਂ ਕੋਲ ਕਲਾਸ 4 ਲਾਇਸੈਂਸ (Unrestricted) ਹੋਵੇ।

ਮੌਜੂਦਾ ਹਾਲਾਤਾ ਨੂੰ ਦੇਖਦਿਆਂ ਸਿਹਤ ਸਬੰਧੀ ਸਰਕਾਰੀ ਹਦਾਇਤਾਂ ਦਾ ਪਾਲਣ ਕੀਤਾ ਜਾਵੇਗਾ।
ਮੌਕਾ ਹੱਥੋਂ ਨਾ ਗਵਾਓ ਅੱਜ ਹੀ ਫੋਨ ਕਰੋ।
ਸ੍ਰ. ਸੁਰਜੀਤ ਸਿੰਘ ਰੰਧਾਵਾ
604-325-7072 ਜਾਂ 604-591-8594
ਜਾਂ ਈ-ਮੇਲ ਕਰੋ : vagro@telus.net



# ਨੀਰਜ ਚੋਪੜਾ ਲਈ 90 ਮੀਟਰ ਦਾ ਅੜਿੱਕਾ ਬਣਿਆ ਅਸਲ ਚੁਣੌਤੀ

ਨਵੀਂ ਦਿੱਲੀ-ਇਕ ਸਾਲ ਪਹਿਲਾਂ ਟੋਕੀਓ ਉਲੰਪਿਕ ‘ਚ ਹੈਰਾਨੀਜਨਕ ਰੂਪ ਨਾਲ ਸੋਨ ਤਗਮਾ ਜਿੱਤਣ ਵਾਲੇ ਨੀਰਜ ਚੋਪੜਾ ਨੇ ਚਾਂਦੀ ਦਾ ਤਗਮਾ ਜਿੱਤ ਕੇ ਭਾਂਵੇ ਹੀ ਦੇਸ਼ ਦਾ ਮਾਣ ਵਧਾਇਆ ਹੈ ਪਰ ਉਨ੍ਹਾਂ ਦੇ ਚਿਹਰੇ ‘ਤੇ ਇਤਿਹਾਸਕ ਪ੍ਰਦਰਸ਼ਨ ਤੋਂ ਬਾਅਦ ਵੀ ਟੋਕੀਓ ਵਾਲੀ ਖੁਸ਼ੀ ਨਹੀਂ ਦਿਖੀ। ਸੋਨ ਤਗਮਾ ਜਿੱਤਣ ਵਾਲੇ ਗ੍ਰੇਨਾਡਾ ਦੇ ਐਂਡਰਸਨ ਪੀਟਰਸ ਨੇ ਜਦੋਂ ਮੁਕਾਬਲੇ ਦੀ ਸਮਾਪਤੀ ‘ਤੇ ਗਲੇ ਮਿਲ ਕੇ ਵਧਾਈ ਦੇਣ ਆਏ ਤਾਂ ਉਨ੍ਹਾਂ ਦੇ ਚਿਹਰੇ ‘ਤੇ ਖੁਸ਼ੀ ਨਜ਼ਰ ਨਹੀਂ ਆਈ। ਸ਼ਾਇਦ ਉਨ੍ਹਾਂ ਨੂੰ ਸੋਨ ਤਗਮਾ ਨਾ ਜਿੱਤ ਸਕਣ ਦਾ ਮਲਾਲ ਸੀ। ਨੀਰਜ ਚੋਪੜਾ ਨੇ ਹਾਲਾਂਕਿ ਟੋਕੀਓ ਉਲੰਪਿਕ ‘ਚ 87.53 ਮੀਟਰ ਤੋਂ ਬਿਹਤਰ ਥਰੋਅ ਨਾਲ ਸੋਨ ਤਗਮਾ ਜਿੱਤਿਆ ਪਰ ਇਸ ਤੋਂ ਬਾਅਦ ਵੀ ਉਹ ਐਂਡਰਸ ਪੀਟਰਸ ਨੂੰ ਚੁਣੌਤੀ ਦਿੰਦੇ ਨਜ਼ਰ ਨਹੀਂ ਆਏ।


## SUPER SANDHU

## ਕਲਾਸ 4 ਡਰਾਈਵਰਾਂ ਦੀ ਲੋੜ

ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711






# TMG LOGISTICS INC.

## Need Owner Operators

*Vancouver to California *California to Alberta Back Vancouver
*Vancouver to East USA Return

NOW HIRING

***Good Paying Loads***

## Need Company Drivers

*Single Driver Pay 52cents/mile*
*Team Drivers 32 cents/mile*


FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2




# ਸ੍ਰੀ ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦੀ ਦਰਦ ਭਰੀ ਕਹਾਣੀ




ਸ੍ਰੀ ਗੁਰੂ ਨਾਨਕ ਜਹਾਜ਼ (ਕੋਮਾਗਾਟਾ ਮਾਰੂ) ਕੈਨੇਡਾ ਦੀ ਧਰਤੀ ‘ਤੇ ਲਿਆਉਣ ਵਾਲੇ ਸੂਰਬੀਰ ਯੋਧੇ ਬਾਬਾ ਗੁਰਦਿੱਤ ਸਿੰਘ ਸਰਹਾਲੀ ਦੀ 24 ਜੁਲਾਈ ਨੂੰ ਬਰਸੀ ਸੀ। ਆਪ ਜੀ ਦੀ ਕਿਤਾਬ ਕੋਮਾਗਾਟਾ ਮਾਰੂ “ਸ੍ਰੀ ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦੀ ਦਰਦ ਭਰੀ ਕਹਾਣੀ” (ਦੁਰਲੱਭ ਇਤਹਾਸਿਕ ਦਸਤਾਵੇਜ਼) -ਬਾਬਾ ਗੁਰਦਿੱਤ ਸਿੰਘ ਕਿਤਾਬ ਸ ਗੁਰਦੇਵ ਸਿੰਘ ਸਿੱਧੂ ਵੱਲੋਂ ਸੰਪਾਦਤ ਕੀਤੀ ਗਈ ਹੈ।ਬਾਬਾ ਜੀ ਦੀ ਬਰਸੀ ਦੇ ਮੌਕੇ ‘ਤੇ ਕਿਤਾਬ ‘ਚੋਂ ਕੁਝ ਪੰਨੇ ਆਪ ਨਾਲ ਸਾਂਝੇ ਕਰ ਰਹੇ ਹਾਂ। ਸਮਾਂ ਕੱਢ ਕੇ ਜ਼ਰੂਰ ਪੜ੍ਹਨਾ, ਹੋ ਸਕੇ ਤਾਂ ਇਹ ਕਿਤਾਬ ਖਰੀਦ ਕੇ ਜ਼ਰੂਰ ਪੜ੍ਹਨੀ। ਬਾਬਾ ਗੁਰਦਿੱਤ ਸਿੰਘ ਦਾ ਜਨਮ ਪਿੰਡ ਸਰਹਾਲੀ, ਜ਼ਿਲ੍ਹਾ ਅੰਮ੍ਰਿਤਸਰ ਵਿਖੇ 1861 ਈ. ਨੂੰ ਸ. ਹੁਕਮ ਸਿੰਘ ਸੰਧੂ ਦੇ ਗ੍ਰਹਿ ਵਿਖੇ ਹੋਇਆ। ਖੇਤੀਬਾੜੀ ਤੋਂ ਇਲਾਵਾ ਆਪ ਕਾਰੋਬਾਰੀ ਪੱਧਰ ‘ਤੇ ਮਲੇਸ਼ੀਆ ਹਾਂਗਕਾਂਗ ਵੀ ਗਏ।

ਇਸ ਦੌਰਾਨ ਕੈਨੇਡਾ ਦੇ ਗ਼ਦਰੀ ਯੋਧਿਆਂ ਨਾਲ ਸੰਪਰਕ ਹੋਇਆ, ਜਿਨ੍ਹਾਂ ਨਿਰੰਤਰ ਸਫ਼ਰ ਦੇ ਕਾਨੂੰਨਾਂ ਨੂੰ ਚੁਣੌਤੀ ਦੇਣ ਲਈ ਆਪ ਨੂੰ ਸਮੁੰਦਰੀ ਬੇੜਾ ਲਿਆਉਣ ਲਈ ਪ੍ਰੇਰਿਤ ਕੀਤਾ। ਇਸੇ ਕਾਰਨ, ਇਹ ਇੱਕ ਵਪਾਰਕ ਕਦਮ ਨਹੀਂ ਸੀ, ਬਲਕਿ ਫਾਸ਼ੀਵਾਦ, ਨਸਲਵਾਦ ਅਤੇ ਬਸਤੀਵਾਦ ਨੂੰ ਚੁਣੌਤੀ ਦੇਣ ਵਾਲਾ ਇਤਿਹਾਸਕ ਕਦਮ ਸੀ। ਆਪ ਨੇ 376 ਮੁਸਾਫਰਾਂ ਵਾਲਾ ਗੁਰੂ ਨਾਨਕ ਜਹਾਜ਼ ਕੈਨੇਡਾ ਲਿਆਂਦਾ, ਪਰ ਇੱਥੋਂ ਦੀ ਨਸਲਵਾਦੀ ਹਕੂਮਤ ਨੇ ਧੱਕੇ ਨਾਲ 23 ਜੁਲਾਈ 1914 ਨੂੰ ਵਾਪਸ ਮੋੜ ਦਿੱਤਾ। ਬਜਬਜ ਘਾਟ ‘ਤੇ 29 ਸਤੰਬਰ 1914 ਨੂੰ ਸ਼ਹੀਦੀ ਸਾਕੇ ਦੌਰਾਨ 19 ਵਿਅਕਤੀ ਸ਼ਹੀਦ ਹੋਏ। ਆਪ ਸੱਤ ਸਾਲਾਂ ਬਾਅਦ, ਨਨਕਾਣਾ ਸਾਹਿਬ ਵਿਖੇ ਗ੍ਰਿਫਤਾਰ ਹੋਏ। ਆਪ ਜੀ ਨੇ ਜੀਵਨ ‘ਚ ਲਗਾਤਾਰ ਜੱਦੋ-ਜਹਿਦ ਜਾਰੀ ਰੱਖੀ ਅਤੇ ਰਾਜਨੀਤਕ ਸਰਗਰਮੀਆਂ ਕਾਰਨ ਤਿੰਨ ਵਾਰ ਜੇਲ੍ਹ ਵੀ ਜਾਣਾ ਪਿਆ। 1937 ਈ. ਵਿਚ ਵਲੋਂ ਬਾਬਾ ਜੀ ਨੇ ਵਿਧਾਨ ਸਭਾ ਦੀ ਚੋਣ ਵੀ ਲੜੀ, ਪਰ ਹਾਰ ਗਏ।

ਚਾਹੇ ਉਸ ਵੇਲੇ ਦੇ ਟੋਡੀਆਂ ਨੇ ਆਪ ਨੂੰ ਸ੍ਰੀ ਅਕਾਲ ਬੁੰਗੇ ਤੋਂ ਸੁੰਦਰ ਸਿੰਘ ਮਜੀਠੀਆ ਦੇ ਨਿਰਦੇਸ਼ਾਂ ‘ਤੇ ਸਰਬਰਾਹ ਅਰੂੜ ਸਿੰਘ ਰਾਹੀਂ ਅਸਿੱਖ ਕਰਾਰ ਦਿੱਤਾ, ਪਰ ਉਸ ਵੇਲੇ ਦੇ ਬੱਬਰ ਅਕਾਲੀ ਯੋਧਿਆਂ ਅਤੇ ਅਕਾਲੀ ਲਹਿਰ ਦੇ ਆਗੂਆਂ ਨੇ ਬਾਬਾ ਗੁਰਦਿੱਤ ਸਿੰਘ ਜੀ ਨੂੰ ਅਥਾਹ ਸਨਮਾਨ ਦਿੱਤਾ ਅਤੇ ਸਿੱਖ ਕੌਮ ਨੇ ਉੱਚਤਾ ਦਾ ਸਤਿਕਾਰ ਦਿੱਤਾ। ਇਸ ਤਰ੍ਹਾਂ ਹੀ ਮੌਕਾਪ੍ਰਸਤ ਹਿੰਦੂ ਮਹਾਂ ਸਭਾ ਦੇ ਆਗੂ ਲਾਜਪਤ ਰਾਏ ਨੇ ਵੀ ਬਾਬਾ ਗੁਰਦਿੱਤ ਸਿੰਘ ਹੁਰਾਂ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕੀਤੀ ਅਤੇ ਉਨ੍ਹਾਂ ਦਾ ਕੇਸ ਲੜਨ ਤੋਂ ਇਨਕਾਰ ਕੀਤਾ। (ਪੋਸਟ ਵਿਚ ਸਾਂਝੇ ਕੀਤੇ ਕਿਤਾਬ ਦੇ ਪੰਨਿਆਂ ‘ਚੋਂ ਇਹ ਸਾਰੀ ਕਹਾਣੀ ਉਜਾਗਰ ਹੁੰਦੀ ਹੈ) ਜ਼ਿੰਦਗੀ ਦੇ ਆਖ਼ਰੀ ਪੜਾਓ ਤਕ ਸੰਘਰਸ਼ ਕਰਦਿਆਂ ਅਤੇ ਦੇਸ਼ ਦੀ ਵੰਡ ਮਗਰੋਂ ਵੀ ‘ਆਜ਼ਾਦ ਭਾਰਤ’ ਦੀ ਮੌਕਾਪ੍ਰਸਤ ਹਕੂਮਤ ਨਾਲ ਲੜਦਿਆਂ ਮਹਾਨ ਜੁਝਾਰੂ ਸਿੱਖ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ 94 ਵਰ੍ਹਿਆਂ ਦੀ ਉਮਰ ਭੋਗ ਕੇ ਅੰਮ੍ਰਿਤਸਰ ਵਿਖੇ 24 ਜੁਲਾਈ, 1954 ਨੂੰ ਅਕਾਲ ਚਲਾਣਾ ਕਰ ਗਏ। ਬਾਬਾ ਗੁਰਦਿੱਤ ਸਿੰਘ ਨੂੰ ਸੱਚੀ ਸ਼ਰਧਾਂਜਲੀ, ਮੌਜੂਦਾ ਫਾਸ਼ੀਵਾਦੀ ਹਕੂਮਤ ਖ਼ਿਲਾਫ਼ ਸੰਘਰਸ਼ ਜਾਰੀ ਰੱਖਣਾ ਹੀ ਕਹੀ ਜਾ ਸਕਦੀ ਹੈ।

**-( ਡਾ ਗੁਰਵਿੰਦਰ ਸਿੰਘ)**

# ਵਿਸਲਰ (ਬੀਸੀ)’ਚ ਗੋਲੀਬਾਰੀ ਦੌਰਾਨ ਮਨਿੰਦਰ ਧਾਲੀਵਾਲ ਤੇ ਉਸ ਦਾ ਦੋਸਤ ਹਲਾਕ



ਵੈਨਕੂਵਰ- ਕੈਨੇਡਾ ਦੇ ਵੈਨਕੂਵਰ ਸ਼ਹਿਰ ਵਿਚ ਗੈਂਗਵਾਰ ਦੇ ਚਲਦਿਆਂ ਹੋਈ ਗੋਲੀਬਾਰੀ ਵਿਚ ਗੈਂਗਸਟਰ ਮਨਿੰਦਰ ਧਾਲੀਵਾਲ ਤੇ ਉਸ ਦਾ ਦੋਸਤ ਸਤਿੰਦਰ ਗਿੱਲ ਹਲਾਕ ਹੋ ਗਏ। ਇਹ ਦਾਅਵਾ ‘ਵੈਨਕੂਵਰ ਸਨ’ ਦੀ ਰਿਪੋਰਟ ਵਿਚ ਕੀਤਾ ਗਿਆ ਹੈ। ਰਿਪੋਰਟ ਮੁਤਾਬਕ ਧਾਲੀਵਾਲ ਬ੍ਰਦਰਜ਼ ਕੀਪਰਜ਼ ਗਰੋਹ ਨਾਲ ਸਬੰਧ ਰੱਖਦਾ ਸੀ। ਰਿਪੋਰਟ ਵਿਚ ਕਿਹਾ ਗਿਆ ਕਿ ਵਿਸਲਰ ਸ਼ਹਿਰ ਦੇ ਐਨ ਵਿਚਾਲੇ ਹੋਟਲ ਸਨਡਾਇਲ ਨੇੜੇ ਜਦੋਂ ਗੋਲੀਆਂ ਚੱਲੀਆਂ ਉਦੋਂ ਮਨਿੰਦਰ ਧਾਲੀਵਾਲ (29) ਨਾਲ ਉਸ ਦਾ ਦੋਸਤ ਸਤਿੰਦਰ ਗਿੱਲ ਵੀ ਮੌਜੂਦ ਸੀ। ਗਿੱਲ ਗਰੋਹ ਵਿਚ ਸ਼ਾਮਲ ਨਹੀਂ ਸੀ।’’ ਗੋਲੀਬਾਰੀ ਦੌਰਾਨ ਧਾਲੀਵਾਲ ਦੀ ਮੌਕੇ ’ਤੇ ਹੀ ਮੌਤ ਹੋ ਗਈ, ਜਦੋਂਕਿ ਗਿੱਲ ਨੇ ਹਸਪਤਾਲ ਜਾ ਕੇ ਜ਼ਖ਼ਮਾਂ ਦੀ ਤਾਬ ਨਾ ਝਲਦਿਆਂ ਦਮ ਤੋੜਿਆ। ਕੇਸ ਦੀ ਤਫ਼ਤੀਸ਼ ਕਰ ਰਹੀ ਟੀਮ ਨੇ ਕਿਹਾ ਕਿ ਗੋਲੀਬਾਰੀ ਦੋ ਧੜਿਆਂ ਦੀ ਗੈਂਗਵਾਰ ਦਾ ਸਿੱਟਾ ਹੈ।ਮਨਿੰਦਰ ਧਾਲੀਵਾਲ ਦਾ ਭਰਾ ਵੀ ਪਿਛਲੇ ਸਾਲ ਗੈਂਗ ਵਾਰ ਵਿੱਚ ਮਾਰਿਆ ਗਿਆ ਸੀ।

ਸਕੌਟ ਕਾਰਗੋ ਨਾ ਦਾ ਵਿਆਕਤੀ ਜੋ ਸਾਈਕਲਾਂ ਦੀ ਦਕਾਨ ਤੇ ਕੰਮ ਕਰਦਾ ਹੈ  ਨੇ ਕਿਹਾ ਕਿ ਉਹ ਦੁਪਹਿਰ ਦੇ ਕਰੀਬ ਸਟੋਰ ਦੇ ਬਾਹਰ ਖੜ੍ਹਾ ਸੀ ਜਦੋਂ ਉਸ ਨੇ 10 ਗੋਲੀਆਂ ਚੱਲਣ ਦੀ ਆਵਾਜ਼ ਸੁਣੀ।ਉਸਨੇ ਪੋਸਟਮੀਡੀਆ ਨੂੰ ਦੱਸਿਆ। ਕਿ ਇੱਕ  10-ਸਾਲਾ ਬੱਚਾ ਸਾਡੇ ਸਟੋਰ ਕੋਲ ਦੌੜਦਾ ਹੋਇਆ ਆਉਂਦਾ ਹੈ ਅਤੇ ਕਹਿੰਦਾ ਹੈ ‘ਉੱਥੇ ਲੋਕ ਗੋਲੀਬਾਰੀ ਕਰ ਰਹੇ ਹਨ’  ਮੈਂ ਕਿਹਾ, ‘ਤੂੰ ' ਅੰਦਰ ਆ ਜਾ ਪਰ ‘ ਪਰ ਉਹ ਭੱਜ ਗਿਆ।।

ਸੀਏਟਲ ਦੀ ਸੇਰੇਨਾ ਕਾਰਲਸਨ ਆਪਣੇ ਪਤੀ ਅਤੇ 17, 14 ਅਤੇ 11 ਸਾਲ ਦੇ ਤਿੰਨ ਬੱਚਿਆਂ ਨਾਲ ਆਈਸਕ੍ਰੀਮ ਲੈਣ ਤੋਂ ਬਾਅਦ ਰੌਕੀ ਮਾਉਂਟੇਨ ਚਾਕਲੇਟ ਕੋਲ ਖੜੀ ਸੀ।ਉਸਨੇ ਕਿਹਾ, “ਮੈਂ ਗੋਲੀਆਂ ਦੀ ਆਵਾਜ਼ ਸੁਣੀ ਅਤੇ ਲੋਕਾਂ ਨੂੰ ਭੱਜਦੇ ਦੇਖਿਆ।ਉਸਨੇ ਲੋਕਾਂ ਨੂੰ ਲੁਕਣ ਲਈ ਕਿਹਾ।ਬਹੁਤ ਲੋਕ  ਚਾਕਲੇਟ ਫੈਕਟਰੀ ਵੱਲ ਭੱਜੇ ਤੇ ਉਥੇ ਲੁਕ ਗਏ।ਕਾਰਲਸਨ ਨੇ ਕਿਹਾ, “ਅਸੀਂ 15 ਜਣੇ ਉਥੇ ਪਸੀਂਨੇ ਨਾਲ ਭਰ ਗਏ ਸੋਚਦੇ ਸੀ ਹੁਣ ਕੀ ਹੋਏਗਾ।ਇੱਕ ਘੰਟੇ ਤੋਂ ਬਾਅਦ ਸਾਨੂੰ ਬਾਹਰ ਆਉਂਣ ਲਈ ਕਿਹਾ ਗਿਆ।









# ਨਹਿਰੂ ਦੀ ਆਲੋਚਨਾ ਨਹੀਂ ਕਰ ਸਕਦਾ, ਨੀਤੀ ਖਰਾਬ ਹੋ ਸਕਦੀ, ਨੀਅਤ ਨਹੀਂ:ਰਾਜਨਾਥ

ਜੰਮੂ:ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਐਤਵਾਰ ਕਾਰਗਿਲ ਵਿਜੈ ਦਿਵਸ ਮੌਕੇ ਜੰਮੂ 'ਚ ਸ਼ਹੀਦ ਪਰਵਾਰਾਂ ਨੂੰ ਸਨਮਾਨਤ ਕੀਤਾ।ਗੁਲਸ਼ਨ ਗਰਾਊਂਡ 'ਚ ਹੋਏ ਪ੍ਰੋਗਰਾਮ ਵਿੱਚ ਉਨ੍ਹਾ ਕਾਰਗਿਲ ਯੁੱਧ ਦੇ ਸ਼ਹੀਦਾਂ ਬਾਰੇ ਕਿਹਾ ਕਿ ਭਾਰਤ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਦੀ ਰੱਖਿਆ ਕਰਨ ਲਈ ਭਾਰਤੀ ਫੌਜੀਆਂ ਅਤੇ ਸੁਰੱਖਿਆ ਬਲਾਂ ਨੇ ਜੋ ਬਲੀਦਾਨ ਦਿੱਤੇ ਹਨ, ਉਸ ਦੀ ਜਿੰਨੀ ਵੀ ਚਰਚਾ ਕੀਤੀ ਜਾਵੇ ਘੱਟ ਹੈ।ਉਨ੍ਹਾਂ ਕਿਹਾ ਕਿ ਮੈਂ ਬਲੀਦਾਨੀਆਂ ਦੇ ਮਾਤਾ-ਪਿਤਾ ਨੂੰ ਸਿਰ ਝੁਕਾ ਕੇ ਨਮਨ ਕਰਦਾ ਹਾਂ, ਜਿਨ੍ਹਾਂ ਨੇ ਬਹਾਦਰਾਂ ਨੂੰ ਜਨਮ ਦਿੱਤਾ।

ਇਸ ਦੌਰਾਨ ਰਾਜਨਾਥ ਨੇ ਕਿਹਾ ਕਿ ਪੰਡਤ ਨਹਿਰੂ ਦੀ ਬਹੁਤ ਸਾਰੇ ਲੋਕ ਆਲੋਚਨਾ ਕਰਦੇ ਹਨ, ਮੈਂ ਇੱਕ ਵਿਸ਼ੇਸ਼ ਸਿਆਸੀ ਦਲ ਤੋਂ ਆਉਂਦਾ ਹਾਂ, ਪਰ ਮੈਂ ਪੰਡਤ ਨਹਿਰੂ ਜਾਂ ਕਿਸੇ ਹੋਰ ਭਾਰਤੀ ਪ੍ਰਧਾਨ ਮੰਤਰੀ ਦੀ ਆਲੋਚਨਾ ਨਹੀਂ ਕਰ ਸਕਦਾ।ਮੈਂ ਕਿਸੇ ਭਾਰਤੀ ਦੀ ਨੀਅਤ ਨੂੰ ਗਲਤ ਨਹੀਂ ਠਹਿਰਾ ਸਕਦਾ, ਉਨ੍ਹਾਂ ਦੀਆਂ ਨੀਤੀਆਂ ਚਾਹੇ ਗਲਤ ਰਹੀਆਂ ਹੋਣ, ਪਰ ਨੀਅਤ ਨਹੀਂ।ਉਨ੍ਹਾਂ ਕਿਹਾ ਏਨਾ ਤੈਅ ਹੈ ਕਿ 1962 ਦੇ ਯੁੱਧ ਦਾ ਵੱਡਾ ਖਮਿਆਜ਼ਾ ਭਾਰਤ ਨੂੰ ਭੁਗਤਣਾ ਪਿਆ।ਚੀਨ ਨੇ ਲੱਦਾਖ 'ਚ ਸਾਡੇ ਖੇਤਰ 'ਤੇ ਕਬਜ਼ਾ ਕਰ ਲਿਆ।ਉਸ ਸਮੇਂ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਪੰਡਤ ਨਹਿਰੂ ਸਨ।ਹਾਲਾਂਕਿ ਅੱਜ ਦਾ ਭਾਰਤ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਦੇਸ਼ਾਂ 'ਚੋਂ ਇੱਕ ਹੈ।ਉਨ੍ਹਾਂ ਇਸ ਮੌਕੇ ਬ੍ਰਿਗੇਡੀਅਰ ਉਸਮਾਨ ਅਤੇ ਮੇਜਰ ਸ਼ੈਤਾਨ ਸਿੰਘ ਦੀ ਬਹਾਦਰੀ ਨੂੰ ਵੀ ਯਾਦ ਕੀਤਾ।


ਫਾਰਮ ਵਰਕਰਾਂ ਦੀ ਲੋੜ



ਸਰੀ ਵਿਚ 17757 ਅਤੇ 88 ਐਵੇਨਿਊ ਵਿਖੇ ਸਥਿਤ ਬੇਰੀ ਫਾਰਮ ਵਾਸਤੇ ਬੇਰੀ ਤੋੜਨ ਵਾਲਿਆਂ ਦੀ ਲੋੜ ਹੈ।ਬੇਰੀ ਮੋਟੇ ਫਰੂਟ ਵਾਲੀ ਹੈ।ਬੇਰੀ ਤੋੜਨ ਦਾ ਰੇਟ 55 ਸੈਂਟ ਪ੍ਰਤੀ ਪੌਂਡ ਦਿੱਤਾ ਜਾਵੇਗਾ।ਘਰ ਵਰਗਾ ਮਾਹੌਲ।

ਸੰਪਰਕ ਕਰੋ

604-617-0574

ਮਨ ਮਨੁੱਖ ਦੀ ਕੁੰਜੀ ਹੈ    Mind is the key to the man.

NATURAL HOMEOPATHIC SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:

- Allergy Conditions
- Colitis
- De-addiction
- Migraine
- Sexual Problems
- Arthritis
- Stress Anxiety
- All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.

ਹੋਮਿਓਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿਚੋਂ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579

www.homeopathsaini.com





Punjab TRAVELS



ਜੀਵਨ ਸਿੰਘ ਮੋਗਾ

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

2642 Cedar Park
Abbotsford, British Columbia V2T 3S5
Ph : 604-825-3075, 604-744-4400

*MORTGAGES FOR UPTO 50 MILLION
IS AVAILABLE FOR LARGE PROJECTS

Yes, Private Mortgages Start from **6.99%** for a limited time*
Second Mortgages Start from **8.99%*** for a limited time.
QUICK & EASY APPROVALS

Please Call:
SARBJIT DUBB, AMP
Mortgage Consultant
604-780-4497

Verico A.K. Mortgage Plus Inc.

AK Mortgage Professional Mortgage Consultants Plus

A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca

*Rates are subject to change. O.A.C. Some Conditions Apply. VERICO A.K. MORTGAGE PLUS INC

- PURCHASES
- REFINANCES/RENEWALS
- 1ST & 2ND MORTGAGES
- MORTGAGE TRANSFER
- MORTGAGE ON EQUITY
- PRE-APPROVALS
- .PRIVATE MORTGAGE


5 YEAR VARIABLE
2.20 %* Prime -1



# ਮੁਰਮੂ ਦਾ ਰਾਸ਼ਟਰਪਤੀ ਬਣਨਾ ਤੇ ਆਦਿਵਾਸੀਆਂ ਦੀ ਹੋਣੀ

ਇੱਕ ਆਦਿਵਾਸੀ ਔਰਤ ਦਰੋਪਦੀ ਮੁਰਮੂ ਸਾਡੇ ਦੇਸ਼ ਦੀ ਰਾਸ਼ਟਰਪਤੀ ਚੁਣੀ ਗਈ ਹੈ। ਇਸ ਦੇ ਨਾਲ ਹੀ ਉਹ ਰਾਸ਼ਟਰਪਤੀ ਭਵਨ ਵਿੱਚ ਪਹੁੰਚਣ ਵਾਲੀ ਪਹਿਲੀ ਆਦਿਵਾਸੀ ਔਰਤ ਬਣ ਗਈ ਹੈ। ਭਾਰਤ ਦੇ ਰਾਸ਼ਟਰਪਤੀ ਦੇ ਤੌਰ 'ਤੇ ਇੱਕ ਆਦਿਵਾਸੀ ਔਰਤ ਦਾ ਚੁਣਿਆ ਜਾਣਾ ਹਾਸ਼ੀਏ 'ਤੇ ਰਹਿਣ ਵਾਲੇ ਆਦਿਵਾਸੀ ਸਮਾਜ ਲਈ ਮਾਇਨੇ ਰੱਖਦਾ ਹੈ, ਪਰ ਕੀ ਇੱਕ ਆਦਿਵਾਸੀ ਔਰਤ ਦੇ ਰਾਸ਼ਟਰਪਤੀ ਚੁਣੇ ਜਾਣ ਨਾਲ, ਉਨ੍ਹਾਂ ਹਜ਼ਾਰਾਂ ਆਦਿਵਾਸੀਆਂ ਦੀ ਜ਼ਿੰਦਗੀ ਵਿੱਚ ਤਬਦੀਲੀ ਆ ਸਕੇਗੀ, ਜਿਹੜੇ ਆਪਣੇ ਜੰਗਲ ਤੇ ਜ਼ਮੀਨਾਂ ਦੀ ਰਾਖੀ ਲਈ ਲੜਦੇ ਹੋਏ ਜੇਲ੍ਹਾਂ ਵਿੱਚ ਸੜ ਰਹੇ ਹਨ। ਜਦੋਂ ਰਾਸ਼ਟਰਪਤੀ ਦੀ ਚੋਣ ਲਈ ਵੋਟਾਂ ਪੈ ਰਹੀਆਂ ਸਨ ਤਾਂ ਉਸੇ ਦਿਨ ਛਤੀਸਗੜ੍ਹ ਤੋਂ ਇੱਕ ਖ਼ਬਰ ਆ ਰਹੀ ਸੀ। ਇਸ ਖ਼ਬਰ ਮੁਤਾਬਕ ਛਤੀਸਗੜ੍ਹ ਦੀ ਐੱਨ ਆਈ ਏ ਅਦਾਲਤ ਨੇ ਉਨ੍ਹਾਂ 121 ਆਦਿਵਾਸੀਆਂ ਨੂੰ ਬਰੀ ਕਰ ਦਿੱਤਾ, ਜਿਨ੍ਹਾਂ ਨੂੰ 2017 ਵਿੱਚ ਸੀ ਆਰ ਪੀ ਐੱਫ਼ ਦੀ ਇੱਕ ਗਸ਼ਤੀ ਪਾਰਟੀ 'ਤੇ ਹੋਏ ਹਮਲੇ ਦੇ ਦੋਸ਼ ਵਿੱਚ ਮਾਓਵਾਦੀ ਕਹਿ ਕੇ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਸ ਵਿੱਚ 25 ਸੀ ਆਰ ਪੀ ਐੱਫ਼ ਜਵਾਨ ਮਾਰੇ ਗਏ ਸਨ। ਛੇ ਪਿੰਡਾਂ ਦੇ ਇਨ੍ਹਾਂ 121 ਵਿਅਕਤੀਆਂ ਵਿਰੁੱਧ ਹੱਤਿਆ, ਨਜਾਇਜ਼ ਹਥਿਆਰ ਰੱਖਣ ਤੇ ਪਬਲਿਕ ਸੇਫਟੀ ਐਕਟ ਆਦਿ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਗਏ ਸਨ । ਇਨ੍ਹਾਂ ਉਤੇ ਸਭ ਤੋਂ ਸਖ਼ਤ ਕਾਲਾ ਕਾਨੂੰਨ ਯੂ ਏ ਪੀ ਏ ਵੀ ਲਾਇਆ ਗਿਆ ਸੀ, ਤਾਂ ਕਿ ਬਿਨਾਂ ਕੋਈ ਵੀ ਸਬੂਤ ਦੇ ਉਨ੍ਹਾਂ ਨੂੰ ਸਾਲਾਂਬੱਧੀ ਜੇਲ੍ਹ ਵਿੱਚ ਬੰਦ ਰੱਖਿਆ ਜਾ ਸਕੇ। ਗ੍ਰਿਫ਼ਤਾਰੀ ਤੋਂ ਬਾਅਦ 4 ਸਾਲਾਂ ਤੱਕ ਇਨ੍ਹਾਂ ਵਿਰੁੱਧ ਪੁਲਸ ਨੇ ਚਲਾਨ ਹੀ ਪੇਸ਼ ਨਹੀਂ ਕੀਤਾ। ਚਹੁੰ ਸਾਲਾਂ ਬਾਅਦ ਅਗਸਤ 2021 ਵਿੱਚ ਅਦਾਲਤ ਵਿੱਚ ਸੁਣਵਾਈ ਸ਼ੁਰੂ ਹੋਈ ਤੇ ਇੱਕ ਸਾਲ ਬਾਅਦ ਅਦਾਲਤ ਨੇ ਉਨ੍ਹਾਂ ਨੂੰ ਬਰੀ ਕਰ ਦਿੱਤਾ। ਅਦਾਲਤ ਨੇ ਆਪਣੇ ਫ਼ੈਸਲੇ ਵਿੱਚ ਪੁਲਸ ਦੀ ਜਾਂਚ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਪੁਲਸ ਘਟਨਾ ਸਥਾਨ 'ਤੇ ਇਨ੍ਹਾਂ ਵਿਅਕਤੀਆਂ ਦੀ ਮੌਜੂਦਗੀ ਸਾਬਤ ਨਹੀਂ ਕਰ ਸਕੀ। ਪੁਲਸ ਕਿਸੇ ਵੀ ਵਿਅਕਤੀ ਤੋਂ ਕੋਈ ਹਥਿਆਰ ਜਾਂ ਗੋਲਾ-ਬਾਰੂਦ ਦੀ ਬਰਾਮਦਗੀ ਨਹੀਂ ਕਰ ਸਕੀ। ਅਦਾਲਤ ਨੇ ਇਹ ਵੀ ਕਿਹਾ ਕਿ ਇਨ੍ਹਾਂ 121 ਆਦਿਵਾਸੀਆਂ ਵਿੱਚੋਂ ਇੱਕ ਦੇ ਵੀ ਪੁਲਸ ਮਾਓਵਾਦੀਆਂ ਨਾਲ ਸੰਬੰਧ ਸਾਬਤ ਨਹੀਂ ਕਰ ਸਕੀ । ਇਸੇ ਦੌਰਾਨ ਹੀ ਇੱਕ ਹੋਰ ਖ਼ਬਰ ਛੱਤੀਸਗੜ੍ਹ ਦੇ ਹੀ ਬਸਤਰ ਤੋਂ ਆਈ ਹੈ, ਜਿੱਥੇ ਦਾਂਤੇਵਾੜਾ ਦੀ ਐੱਨ ਆਈ ਏ ਅਦਾਲਤ ਨੇ ਬੰਬ ਧਮਾਕੇ ਦੇ ਦੋਸ਼ ਵਿੱਚ ਫੜੇ 9 ਆਦਿਵਾਸੀਆਂ ਨੂੰ 5 ਸਾਲ ਜੇਲ੍ਹ ਵਿੱਚ ਰਹਿਣ ਤੋਂ ਬਾਅਦ ਦੋਸ਼ ਮੁਕਤ ਕਰ ਦਿੱਤਾ ਹੈ। ਘਟਨਾ ਅਨੁਸਾਰ 3 ਸਤੰਬਰ 2017 ਨੂੰ ਇੱਕ ਪੁਲਸ ਪਾਰਟੀ ਇੱਕ ਨਾਲਾ ਪਾਰ ਕਰਨ ਲਈ ਪਿੰਡ ਦੇ ਕੁਝ ਵਿਅਕਤੀਆਂ ਦੀ ਮਦਦ ਲੈ ਰਹੀ ਸੀ। ਨਾਲਾ ਪਾਰ ਕਰਨ ਦੇ ਤੁਰੰਤ ਬਾਅਦ ਉੱਥੇ ਇੱਕ ਬੰਬ ਧਮਾਕਾ ਹੋ ਗਿਆ। ਪੁਲਸ ਨੇ ਇਸ ਬੰਬ ਧਮਾਕੇ ਦਾ ਕੇਸ ਮਦਦ ਕਰ ਰਹੇ ਪੇਂਡੂਆਂ 'ਤੇ ਹੀ ਠੋਕ ਦਿੱਤਾ। ਆਖਰ ਅਦਾਲਤ ਨੇ ਪੁਲਸ ਦੀ ਘੜੀ ਕਹਾਣੀ ਨੂੰ ਰੱਦ ਕਰਦਿਆਂ ਇਨ੍ਹਾਂ ਨਿਰਦੋਸ਼ ਆਦਿਵਾਸੀਆਂ ਨੂੰ ਬਰੀ ਕਰ ਦਿੱਤਾ। ਬੇਗੁਨਾਹ ਹੋਣ ਦੇ ਬਾਵਜੂਦ ਇਨ੍ਹਾਂ 9 ਵਿਅਕਤੀਆਂ ਨੇ 5 ਸਾਲ ਪਰਵਾਰ ਤੋਂ ਦੂਰ ਜੇਲ੍ਹ ਵਿੱਚ ਗੁਜ਼ਾਰੇ। ਸਵਾਲ ਪੈਦਾ ਹੁੰਦਾ ਹੈ ਕਿ ਉਕਤ ਦੋਹਾਂ ਕੇਸਾਂ ਵਿੱਚ ਝੂਠੇ ਦੋਸ਼ ਲਾ ਕੇ ਗ੍ਰਿਫ਼ਤਾਰ ਕੀਤੇ ਗਏ ਇਨ੍ਹਾਂ 130 ਗਰੀਬ ਆਦਿਵਾਸੀਆਂ ਨੂੰ ਕਿਸ ਗੁਨਾਹ ਦੀ ਸਜ਼ਾ ਦਿੱਤੀ ਗਈ ਸੀ। ਇਨ੍ਹਾਂ 130 ਵਿਅਕਤੀਆਂ ਨੇ 5 ਸਾਲ ਜੇਲ੍ਹ ਵਿੱਚ ਰਹਿ ਕੇ ਜਿਹੜਾ ਮਾਨਸਿਕ ਤੇ ਸਰੀਰਕ ਤਸ਼ੱਦਦ ਸਹਿਣ ਕੀਤਾ, ਉਸ ਦੀ ਭਰਪਾਈ ਕੌਣ ਕਰੇਗਾ? ਛਤੀਸਗੜ੍ਹ ਦੇ 121 ਵਿਅਕਤੀਆਂ ਵਿੱਚੋਂ ਤਿੰਨ ਤਾਂ ਜੇਲ੍ਹ ਵਿੱਚ ਦਮ ਤੋੜ ਗਏ ਸਨ। ਸਾਡਾ ਦੇਸ਼ ਸਵਾ ਕਰੋੜ ਤੋਂ ਵੱਧ ਆਦਿਵਾਸੀਆਂ ਦਾ ਘਰ ਹੈ। ਦਰੋਪਦੀ ਦਾ ਰਾਸ਼ਟਰਪਤੀ ਬਣਨਾ ਠੀਕ, ਪਰ ਆਦਿਵਾਸੀਆਂ ਲਈ ਸਭ ਤੋਂ ਜ਼ਰੂਰੀ ਹੈ, ਉਨ੍ਹਾਂ ਦੇ ਜੰਗਲਾਂ ਤੇ ਜ਼ਮੀਨ ਦੇ ਹੱਕ ਨੂੰ ਤਸਲੀਮ ਕਰਨਾ। ਇਹ ਤਦ ਹੀ ਸੰਭਵ ਹੋ ਸਕੇਗਾ, ਜਦੋਂ ਉਨ੍ਹਾਂ ਜੰਗਲਾਂ ਤੇ ਜ਼ਮੀਨ ਨੂੰ ਕਾਰਪੋਰੇਟਾਂ ਦੇ ਮੁਨਾਫ਼ੇ ਦੀ ਭੁੱਖ ਦੀ ਖੁਰਾਕ ਬਣਨ ਉੱਤੇ ਰੋਕ ਲਾਈ ਜਾਵੇਗੀ। **–ਚੰਦ ਫਤਿਹਪੁਰੀ**


ICBC Certified Driving School
B and H Driving School Inc.
Surrey BC
Driving Training 5, 7





Certified Instructor
Reasonable Rates
Punjabi Speaking
Car Available for Road Test
ਤਜਰਬੇਕਾਰ ਇੰਸਟ੍ਰਕਟਰ ਕੋਲੋਂ ਕਾਰ ਚਲਾਉਣੀ ਸਿੱਖੋ। ਸਾਡੇ ਰੇਟ ਵਾਜਬ ਹਨ ਅਤੇ ਅਸੀਂ ਪੰਜਾਬੀ ਬੋਲਦੇ ਹਾਂ। ਰੋਡ ਟੈਸਟ ਲਈ ਕਾਰ ਵੀ ਉਪਲੱਬਧ ਹੈ। ਸੰਪਰਕ ਕਰੋ :
604-807-2296
2310



GARCHA Plumbing
Heating & Repair Ltd.




ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber



ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ
Amarjit Singh Garcha
604-306-3276
Big Or Small, We Do It All


## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com
8115, 132 ਸਟਰੀਟ, ਸਰੀ, ਬੀ.ਸੀ. V3W 4N5

### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

#### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

### ਜੁਲਾਈ ਮਹੀਨੇ ਦੇ ਪ੍ਰੋਗਰਾਮ



ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਪ੍ਰਕਾਸ਼ ਦਿਹਾੜਾ ਗੁਰੂ ਹਰਕ੍ਰਿਸ਼ਨ ਜੀ ਅਤੇ ਸ਼ਹੀਦੀ ਦਿਨ ਸ. ਊਧਮ ਸਿੰਘ ਜੀ ਦਾ ਮਨਾਇਆ ਜਾਵੇਗਾ ਅਤੇ 4 ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ:
1. ਮਲੇਰਕੋਟਲਾ ਇਲਾਕੇ ਦੀਆਂ ਸੰਗਤਾਂ ਵੱਲੋਂ ਜੋ ਨਵਾਬ ਮਲੇਰਕੋਟਲਾ ਵੱਲੋਂ ਗੁਰੂ ਸਾਹਿਬ ਜੀ ਦੇ ਬੱਚਿਆਂ ਲਈ ਹਾਅ ਦਾ ਨਾਅਰਾ ਮਾਰਿਆ ਸੀ ਉਸ ਸਬੰਧ ਵਿਚ ਹੋਵੇਗਾ 2. ਭਾਈ ਹਰਵਿੰਦਰ ਸਿੰਘ ਅਤੇ ਨਰਪਿੰਦਰ ਸਿੰਘ ਪਰਿਵਾਰ ਵੱਲੋਂ 3. ਭਾਈ ਸੁਖਦੇਵ ਸਿੰਘ ਪਰਿਵਾਰ ਵੱਲੋਂ 4. ਭਾਈ ਗੁਰਪ੍ਰੀਤ ਸਿੰਘ ਪਰਿਹਾਰ ਪਰਿਵਾਰ ਵੱਲੋਂ
ਇਹ ਚਾਰੇ ਅਖੰਡਪਾਠ ਸਾਹਿਬ 29 ਜੁਲਾਈ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ 31 ਜੁਲਾਈ ਦਿਨ ਐਤਵਾਰ ਸਵੇਰੇ 9.30 ਵਜੇ ਭੋਗ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
*29 ਜੁਲਾਈ ਦਿਨ ਸ਼ੁੱਕਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਬੀਬੀ ਜਸਵਿੰਦਰ ਕੌਰ ਅਤੇ ਭਾਈ ਸਜਨ ਸਿੰਘ ਢਿੱਲੋਂ ਪਰਿਵਾਰ ਵੱਲੋਂ ਹੋਵੇਗੀ।
*30 ਜੁਲਾਈ ਦਿਨ ਸ਼ਨਿਚਰਵਾਰ ਕਾਕਾ ਅਮਨਜੋਤ ਸਿੰਘ ਚਾਹਲ ਅਤੇ ਬੱਚੀ ਜਸਕਿਰਨ ਦਾ ਅਨੰਦਕਾਰਜ ਹੋਵੇਗਾ।
*30 ਜੁਲਾਈ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 3 ਪਰਿਵਾਰਾਂ ਵੱਲੋਂ ਹੋਵੇਗੀ"
1. ਭਾਈ ਕਨਵਰਜੀਤ ਸਿੰਘ ਅਤੇ ਬੀਬੀ ਰੀਤੂ ਆਹੂਜਾ ਪਰਿਵਾਰ ਵੱਲੋਂ ਆਪਣੀ ਬੇਟੀ ਦੇ 15ਵੇਂ ਜਨਮ ਦਿਨ ਦੀ ਖੁਸ਼ੀ ਵਿਚ ਹੋਵੇਗੀ।
2. ਭਾਈ ਕਲਦੀਪ ਸਿੰਘ ਬਸਰਾ ਪਰਿਵਾਰ ਵੱਲੋਂ 3. ਭਾਈ ਗੁਰਮੀਤ ਸਿੰਘ ਪਰਿਵਾਰ ਵੱਲੋਂ
*31 ਜੁਲਾਈ ਦਿਨ ਐਤਵਾਰ ਨੂੰ ਸ. ਸੁਰਿੰਦਰਜੀਤ ਸਿੰਘ ਦਾ ਅੰਤਮ ਸਸਕਾਰ ਫਾਈਵ ਰਿਵਰ ਫਿਊਨਰਲ ਹੋਮ ਡੈਲਟਾ ਵਿਖੇ ਸਵੇਰੇ 11 ਵਜੇ ਹੋਵੇਗਾ ਉਪਰੰਤ ਉਹਨਾਂ ਨਮਿਤ ਗੁਰੂਘਰ ਵਿਖੇ ਰਖਾਏ ਗਏ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
*31 ਜੁਲਾਈ ਦਿਨ ਐਤਵਾਰ ਨੂੰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਸਤਵੀਰ ਸਿੰਘ ਖੁਣਖੁਣ ਪਰਿਵਾਰ ਵੱਲੋਂ ਹੋਵੇਗੀ।
*31 ਅਗਸਤ ਦਿਨ ਐਤਵਾਰ ਨੂੰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਅਦਰਸ਼ ਸਿੰਘ ਅਤੇ ਬੀਬੀ ਅਰਸ਼ਪ੍ਰੀਤ ਕੌਰ ਸੋਮਲ ਪਰਿਵਾਰ ਵੱਲੋਂ ਹੋਵੇਗੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਕੀਰਤਨੀ ਜਥੇ:ਭਾਈ ਪਰਮਜੀਤ ਸਿੰਘ ਬੰਗਿਆਂ ਵਾਲਿਆਂ ਦਾ ਜਥਾ, ਭਾਈ ਸਤਨਾਮ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਕਥਾਵਾਚਕ:ਭਾਈ ਜਸਵਿੰਦਰ ਸਿੰਘ ਜੀ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**
**ਫੋਨ:604-590-3232, 778-713-5121, 604-590-3224, ਫੈਕਸ:604-572-3276**

# ਭਾਰਤ ਛੱਡ ਕੇ ਵਿਦੇਸ਼ਾਂ ਵਿਚ ਜਾ ਵਸਣ ਵਾਲੇ ਭਾਰਤੀਆਂ ਦੀ ਗਿਣਤੀ ਵੱਧ ਕਿਉਂ?



ਭਾਰਤ ਦੀ ਨਾਗਰਿਕਤਾ ਛੱਡ ਕੇ ਵਿਦੇਸ਼ਾਂ ਵਿਚ ਨਾਗਰਿਕਤਾ ਲੈਣ ਵਾਲੇ ਲੋਕਾਂ ਦੀ ਗਿਣਤੀ ਵੱਧ ਰਹੀ ਹੈ। ਇਹ ਹਮੇਸ਼ਾ ਤੋਂ ਹੀ ਇਸ ਤਰ੍ਹਾਂ ਹੁੰਦਾ ਆਇਆ ਹੈ ਪਰ ਹੁਣ ਗਿਣਤੀ ਵਧਣ ਨਾਲ ਚਿੰਤਾ ਹੋ ਰਹੀ ਹੈ ਕਿਉਂਕਿ ਇਸ ਨਾਲ ਸਾਡੇ ਦੇਸ਼ ਦੇ ਸੱਭ ਤੋਂ ਅਮੀਰ ਤੇ ਤੇਜ਼ ਦਿਮਾਗ਼ ਵਾਲੇ ਲੋਕ ਬਾਹਰ ਦਾ ਰਾਹ ਲੱਭ ਰਹੇ ਹਨ। ਪਿਛਲੇ 7 ਸਾਲਾਂ 'ਚ ਤਕਰੀਬਨ 10 ਲੱਖ ਲੋਕਾਂ ਨੇ ਭਾਰਤ ਦੀ ਨਾਗਰਿਕਤਾ ਤਿਆਗ ਦਿਤੀ ਹੈ।

ਅੱਜ ਦੀ ਪੜ੍ਹੀ ਲਿਖੀ ਨੌਜਵਾਨ ਪੀੜ੍ਹੀ ਦੀ ਗੱਲ ਕਰੀਏ ਤਾਂ ਉਨ੍ਹਾਂ ਦੀਆਂ ਸੋਚਾਂ ਵਿਚ ਵਿਦੇਸ਼ ਰਹਿਣ ਦਾ ਸੁਪਨਾ ਜ਼ਰੂਰ ਅੰਗੜਾਈਆਂ ਲੈਣ ਲਗਦਾ ਹੈ। ਅਮਰੀਕਾ, ਇੰਗਲੈਂਡ, ਕੈਨੇਡਾ, ਯੂਰਪ ਸੱਭ ਤੋਂ ਬਿਹਤਰੀਨ ਮੰਨੇ ਜਾਂਦੇ ਹਨ। ਇਹ ਲੋਕ ਇਹ ਵੀ ਸਮਝਦੇ ਹਨ ਕਿ ਵਿਦੇਸ਼ ਵਿਚ ਜਾ ਕੇ ਇਹ ਬਾਹਰਲੇ ਹੀ ਅਖਵਾਣਗੇ ਪਰ ਫਿਰ ਵੀ ਉਹ ਵਿਦੇਸ਼ ਵਿਚ ਰਹਿਣਾ ਪਸੰਦ ਕਰਦੇ ਹਨ ਤੇ ਜਿਹੜੇ ਮਾਂ-ਬਾਪ ਵਿਦੇਸ਼ ਦੀ ਸਿਖਿਆ ਦਾ ਖ਼ਰਚਾ ਝੱਲ ਸਕਦੇ ਹਨ, ਉਹ ਭਾਰਤ ਵਿਚ ਕਿਸੇ ਉਦਯੋਗ ਵਿਚ ਪੈਸਾ ਲਾ ਕੇ ਉਦਯੋਗ ਸ਼ੁਰੂ ਕਰਨ ਦੀ ਬਜਾਏ ਅਪਣੇ ਜਿਗਰ ਦੇ ਟੁਕੜਿਆਂ ਨੂੰ ਬਾਹਰ ਭੇਜਣਾ ਚੁਣ ਰਹੇ ਹਨ। ਇਸ ਦੇ ਕਈ ਕਾਰਨ ਹਨ।

ਵਿਦੇਸ਼ਾਂ ਵਿਚ ਸਹੂਲਤਾਂ ਵੱਧ ਹਨ ਤੇ ਕੰਮ ਕਰਨ ਵਿਚ ਆਸਾਨੀ ਹੈ। ਜਿਨ੍ਹਾਂ ਕੋਲ ਇਨ੍ਹਾਂ ਦੇਸ਼ਾਂ ਦਾ ਵੀਜ਼ਾ ਹੈ, ਉਹ ਵਿਦੇਸ਼ੀ ਨਾਗਰਿਕ ਬਣ ਜਾਂਦੇ ਹਨ ਤੇ ਆਰਾਮ ਨਾਲ ਕਿਸੇ ਵੀ ਦੇਸ਼ ਜਾ ਸਕਦੇ ਹਨ। ਪਰ ਸੱਭ ਤੋਂ ਮੱਹਤਵਪੂਰਨ ਗੱਲ ਇਹ ਹੈ ਕਿ ਉਨ੍ਹਾਂ ਦੇਸ਼ਾਂ ਵਿਚ ਇਨਸਾਨ ਦੇ ਕੰਮ ਦੀ ਕਦਰ ਜ਼ਰੂਰ ਪੈਂਦੀ ਹੈ। ਉਥੇ ਆਮ ਨਾਗਰਿਕ ਦੀ ਵੀ ਕਦਰ ਕੀਤੀ ਜਾਂਦੀ ਹੈ। ਅੱਜ ਭਾਰਤ ਵਿੱਚ ਤੁਸੀਂ ਕਿਸੇ ਸਰਕਾਰੀ ਹਸਪਤਾਲ ਵਿਚ ਅਪਣਾ ਇਲਾਜ ਕਰਵਾਉਣਾ ਹੋਵੇ, ਤੁਸੀਂ ਡਾਕਟਰ ਤੋਂ ਪਹਿਲਾਂ ਕੋਈ ਜਾਣ ਪਹਿਚਾਣ ਵਾਲਾ ਲੱਭੋਗੇ ਕਿਉਂਕਿ ਤੁਸੀਂ ਜਾਣਦੇ ਹੋ ਕਿ ਸਿਫ਼ਾਰਸ਼ ਤੋਂ ਬਿਨਾਂ ਤੁਹਾਡਾ ਕੰਮ ਨਹੀਂ ਹੋਣਾ।

ਪੰਜਾਬ ਵਿਚ ਇਕ ਹੈਲਪਲਾਈਨ ਜਾਰੀ ਕੀਤੀ ਗਈ ਤਾਕਿ ਭ੍ਰਿਸ਼ਟਾਚਾਰ 'ਤੇ ਰੋਕ ਲਗਾਈ ਜਾ ਸਕੇ ਪਰ ਤੁਸੀਂ ਆਪ ਹੀ ਪੈਸੇ ਲੈਣ ਵਾਲਾ ਅਫ਼ਸਰ/ਕਰਮਚਾਰੀ ਲੱਭਣ ਲੱਗ ਜਾਉਗੇ ਕਿਉਂਕਿ ਰਿਸ਼ਵਤ ਲੈਣ ਵਾਲਾ ਕੰਮ ਤਾਂ ਕਰਵਾ ਦੇਂਦਾ ਹੈ ਜਦ ਕਿ ਇਮਾਨਦਾਰੀ ਦੇ ਸਹਾਰੇ ਤਾਂ ਫ਼ਾਈਲ ਇਕ ਮੇਜ਼ ਤੋਂ ਦੂਜੀ ਮੇਜ਼ ਵਿਚਕਾਰ ਹੀ ਘੁੰਮਦੀ ਰਹਿੰਦੀ ਹੈ। ਅੱਜ ਸਰਕਾਰ ਭਾਵੇਂ ਭ੍ਰਿਸ਼ਟਾਚਾਰ-ਮੁਕਤ ਰਾਜ-ਪ੍ਰਬੰਧ ਦੇਣਾ ਚਾਹੁੰਦੀ ਹੈ ਪਰ ਅਸੀ ਛੇਤੀ ਹੀ ਹਾਰ ਮੰਨ ਲੈਂਦੇ ਹਾਂ ਤੇ ਰਿਸ਼ਵਤ ਦੇ ਕੇ ਕੰਮ ਕਰਵਾਉਣ ਵਾਲਾ ਸੌਖਾ ਰਾਹ ਚੁਣ ਲੈਂਦੇ ਹਾਂ।

ਕਾਰਨ ਕੀ ਹੈ? ਇਹੀ ਕਿ ਇਸ ਦੇਸ਼ ਵਿਚ ਆਮ ਨਾਗਰਿਕ ਦੀ ਜ਼ਿੰਦਗੀ ਬਹੁਤ ਔਖੀ ਬਤੀਤ ਹੁੰਦੀ ਹੈ। ਮਿਹਨਤ ਕਰ ਕੇ ਤੁਸੀਂ ਪੈਸਾ ਕਮਾ ਸਕਦੇ ਹੋ ਪਰ ਚੈਨ ਤੇ ਅਮਨ ਦੀ ਜ਼ਿੰਦਗੀ ਮੁਮਕਿਨ ਨਹੀਂ। ਇਕ ਆਮ ਨੌਕਰੀ-ਪੇਸ਼ਾ ਨਾਗਰਿਕ ਅਪਣਾ ਟੈਕਸ ਭਰਦਾ ਹੈ, ਕੰਮ 'ਤੇ ਜਾਂਦਾ ਹੈ, ਘਰ ਆਉਂਦਾ ਹੈ ਤੇ ਅਪਣੇ ਪ੍ਰਵਾਰ ਨਾਲ ਸ਼ਾਂਤੀ ਨਾਲ ਰਹਿੰਦਾ ਹੈ। ਕਾਨੂੰਨ ਦੇ ਸਾਰੇ ਨਿਯਮਾਂ ਦੀ ਪਾਲਣਾ ਕਰਦਾ ਹੈ। ਉਸ ਨੂੰ ਅਪਣੇ ਸਿਸਟਮ 'ਚੋਂ ਕੀ ਮਿਲਦਾ ਹੈ? ਘਰ ਦੇ ਬਾਹਰ ਛੱਪੜ ਕਿਉਂਕਿ ਠੇਕੇਦਾਰ ਨੇ ਸੜਕ ਬਣਾਉਣ ਵਾਸਤੇ ਰੇਤੇ ਦਾ ਇਸਤੇਮਾਲ ਕੀਤਾ ਹੈ। ਉਸ ਦੀ ਗੱਡੀ ਪਾਣੀ ਵਿਚ ਫੱਸ ਜਾਂਦੀ ਹੈ ਕਿਉਂਕਿ ਸੜਕ ਇਕ ਨਦੀ ਜਹੀ ਬਣ ਗਈ ਹੈ ਕਿਉਂਕਿ ਕਿਸੇ ਨੇ ਨਾਲੀਆਂ ਨੂੰ ਸਾਫ਼ ਨਹੀਂ ਕੀਤਾ।

ਸਾਰੇ ਟੈਕਸ ਭਰਦੇ ਨਾਗਰਿਕਾਂ ਨੂੰ ਸਰਕਾਰੀ ਹਸਪਤਾਲਾਂ ਵਿਚ ਮਾਮੂਲੀ ਇਲਾਜ ਵੀ ਨਹੀਂ ਮਿਲਦਾ। ਕਦੇ ਲੋੜ ਪੈ ਜਾਵੇ ਤਾਂ ਐਂਬੂਲੈਂਸ ਨਹੀਂ ਮਿਲਦੀ। ਟੈਕਸ ਭਰਨ ਦੇ ਬਾਵਜੂਦ ਉਸ ਨੂੰ ਅਪਣੇ ਬੱਚਿਆਂ ਨੂੰ ਨਿਜੀ ਸਕੂਲਾਂ ਵਿਚ ਭੇਜਣਾ ਪੈਂਦਾ ਹੈ ਕਿਉਂਕਿ ਸਰਕਾਰੀ ਸਕੂਲਾਂ ਵਿਚ ਅਧਿਆਪਕ ਹੀ ਨਹੀਂ ਹਨ। ਫਿਰ ਉਹ ਦਫ਼ਤਰ ਜਾ ਕੇ ਵੇਖਦਾ ਹੈ ਕਿ ਇਕ ਸਿਆਸਤਦਾਨ ਦਾ ਕਾਫ਼ਲਾ ਜਾ ਰਿਹਾ ਹੈ ਜਿਸ ਵਾਸਤੇ ਉਸ ਨੂੰ ਅੱਧਾ ਘੰਟਾ ਰਾਹ ਵਿਚ ਰੁਕਣਾ ਪੈਂਦਾ ਹੈ। ਸਾਡੇ ਸਿਆਸਤਦਾਨ ਤੇ ਨੌਕਰਸ਼ਾਹ ਆਮ ਨਾਗਰਿਕ ਦੇ ਟੈਕਸ ਨਾਲ ਐਸ਼ੋ ਆਰਾਮ ਦੀ ਜ਼ਿੰਦਗੀ ਬਤੀਤ ਕਰਦੇ ਹਨ, ਦੌਰਿਆਂ ਤੇ ਵੀ ਚੜ੍ਹੇ ਰਹਿੰਦੇ ਹਨ ਤੇ ਆਮ ਨਾਗਰਿਕ ਵਿਚਾਰਾ ਵੇਖਦਾ ਹੀ ਰਹਿ ਜਾਂਦਾ ਹੈ। ਫਿਰ ਉਹ ਉਸੇ ਕਮਾਈ ਨਾਲ ਅਪਣੇ ਵਾਸਤੇ ਥੋੜੀ ਸਕੂਨ ਭਰੀ ਜ਼ਿੰਦਗੀ ਜੀਣ ਵਾਸਤੇ, ਅਪਣਾ ਦਿਲ ਮਾਰ, ਅਪਣੇ ਵਤਨ ਨੂੰ ਛੱਡ ਦੇਣ ਲਈ ਤਿਆਰ ਹੋ ਜਾਂਦਾ ਹੈ। - ਨਿਮਰਤ ਕੌਰ

## ਲੱਦਾਖ ਸਰਹੱਦ 'ਤੇ ਚੀਨੀ ਜਹਾਜ਼ਾਂ ਦੀ ਭੜਕਾਊ ਕਾਰਵਾਈ ਜਾਰੀ

ਨਵੀਂ ਦਿੱਲੀ-ਭਾਰਤ ਤੇ ਚੀਨ ਦਰਮਿਆਨ ਫ਼ੌਜੀ ਕਮਾਂਡਰ ਪੱਧਰ ਦੀ ਵਾਰਤਾ ਦੇ ਬਾਵਜੂਦ ਚੀਨ ਦੇ ਲੜਾਕੂ ਜਹਾਜ਼ ਪੂਰਬੀ ਲੱਦਾਖ 'ਚ ਤਾਇਨਾਤ ਭਾਰਤੀ ਸੁਰੱਖਿਆ ਬਲਾਂ ਨੂੰ ਭੜਕਾਉਣ ਦਾ ਲਗਾਤਾਰ ਯਤਨ ਕਰ ਰਹੇ ਹਨ। ਚੀਨ ਦੇ ਜਹਾਜ਼ ਪਿਛਲੇ ਤਿੰਨ-ਚਾਰ ਹਫ਼ਤਿਆਂ ਦੌਰਾਨ ਕਈ ਮੌਕਿਆਂ 'ਤੇ ਅਸਲ ਕੰਟਰੋਲ ਰੇਖਾ ਦੇ ਬਿਲਕੁਲ ਨੇੜੇ ਉੱਡਦੇ ਦੇਖੇ ਗਏ ਹਨ। ਇਸ ਨੂੰ ਚੀਨ ਵੱਲੋਂ ਖੇਤਰ ਵਿਚ ਭਾਰਤੀ ਰੱਖਿਆ ਢਾਂਚੇ ਨੂੰ ਜਾਂਚਣ ਦੇ ਯਤਨ ਵਜੋਂ ਦੇਖਿਆ ਜਾ ਰਿਹਾ ਹੈ। ਇਕ ਸਰਕਾਰੀ ਸੂਤਰ ਨੇ ਦੱਸਿਆ ਕਿ ਭਾਰਤੀ ਹਵਾਈ ਸੈਨਾ ਹਰੇਕ ਸਥਿਤੀ ਦਾ ਜ਼ਿੰਮੇਵਾਰੀ ਨਾਲ ਜਵਾਬ ਦੇਣ ਲਈ ਪੂਰੀ ਤਰ੍ਹਾਂ ਤਿਆਰ ਹੈ ਤੇ ਖ਼ਤਰੇ ਨਾਲ ਨਜਿੱਠਣ ਵਿਚ ਕੋਈ ਕਸਰ ਬਾਕੀ ਨਹੀਂ ਛੱਡ ਰਹੀ। ਇਸ ਤੋਂ ਇਲਾਵਾ ਇਹ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ ਕਿ ਮਾਮਲਾ ਕਾਬੂ ਤੋਂ ਬਾਹਰ ਨਾ ਹੋ ਜਾਵੇ। ਚੀਨ ਦੇ ਲੜਾਕੂ ਜਹਾਜ਼ ਜੇ-11 ਸਣੇ ਹੋਰ ਜਹਾਜ਼ਾਂ ਨੇ ਕੰਟਰੋਲ ਰੇਖਾ ਨੇੜੇ ਉਡਾਣ ਭਰੀ ਹੈ। ਭਰੋਸਾ ਬਣਾਏ ਰੱਖਣ ਲਈ ਜਿਹੜੀ ਦਸ ਕਿਲੋਮੀਟਰ ਲੰਮੀ ਲਾਈਨ (ਸੀਬੀਐਮ) ਤੈਅ ਕੀਤੀ ਗਈ ਹੈ, ਉਸ ਦੀ ਉਲੰਘਣਾ ਦੇ ਕਈ ਮਾਮਲੇ ਹਾਲ ਹੀ ਵਿਚ ਸਾਹਮਣੇ ਆਏ ਹਨ।


**AujLawZ** **Tax & Accounting Services**

• Reliable • Professional • Confidential

**(we provide first couple of month's service free)**

*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance
*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India

Contact: Gurbachan Aujla

**604-504-1657, 604-835-3693**

Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4
Email:aujlagee@shaw.ca
0323

# Injured in an accident? ICBC claim?

## We can help.

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.



Mandeep Randhawa,
*B.Sc., L.L.B (UBC)*

• Member, Law Society of British Columbia
• Member, Canadian Bar Association including sub-section memberships in Civil Litigation and Insurance Law
• Member, Trial Lawyers Association of British Columbia
• Member, Indo-Canadian Business Association
• Speaker for the People's Law School on Personal injury Claims
• BSc (Honours), University of Delhi, 1994
• LLB, University of British Columbia, 1998
• Nominated for the Stanton Award-"Outstanding All Round Graduate over 3 years."
• Admitted to the Bar of British Columbia in 1999

RM TRIAL LAWYERS

MANDEEP RANDHAWA LAW CORPORATION

**T 604 449 7500**


#205 – 7134 King George Boulevard, Surrey, BC V3W 5A3

• F 604 449 7501 • TF 1 888 449 7573 • www.rmlawyers.ca


LIQUOR discounter
Friday July 08, 2022 until Sunday Jul 31, 2022
$49.99 1.75L STOLICHNAYA VODKA $23.99 750ML
$48.79 KAHLUA 1.75L
$48.79 1.75L WISERS DELUXE $31.99 1.14L
$48.79 1.75L BACARDI WHITE $20.99 750ML
$45.99 GREY GOOSE 750ML
$38.99 BODACIOUS CAB SAUV 4L
$38.99 JACKSON TRIGGS SHIRAZ 4L
$44.99 CIROC MANGO SUMMER WATERMELON 750ML
$43.99 KETEL ONE 1.14L
$36.99 BOMBAY GIN 1.14L
$35.99 CROWN ROYAL 1.14L
$35.99 BAILEYS 1.14L
$35.99 1800 REPOSADO SILVER 750ML
$14.99 COPPER MOON MERLOT SHIRAZ 1.5L
$14.99 JACKSON TRIGGS CAB SAUV PINOT GRIGIO 1.5L
$34.99 ABSOLUT VODKA 1.14L
$33.99 PROPER TWELVE 750ML
$31.99 JAGERMEISTER 750ML
$28.99 FIREBALL 1.14L
$27.99 JOHNNIE WALKER RED LABEL 750ML
$25.99 TANQUERAY 750ML
$9.79 JACOBS CREEK MOSCATO 750ML
$9.49 BODACIOUS SMOOTH RED 750ML
$25.99 CAPTAIN MORGAN SPICED 750ML
$24.99 DEWARS 750ML
BELOW Government Store Prices!
$20.79 JOSE CUERVO LIME 1.75L
$20.99 POLAR ICE VODKA 750ML
$37.99 NAKED GRAPE PINOT GRIGIO 4L
$17.99 19 CRIMES CALI RED 750ML
PRICE BEAT GUARANTEE
$13.99 YELLOW TAIL PINK BUBBLES 750ML
$11.99 GATO NEGRO SAUV BLANC 1.5L
$11.49 YELLOW TAIL CAB SAUV MERLOT 750ML
$16.49 SAINTLY SAUV BLANC 750ML
$8.79 PELLER ESTATES CAB SAUV 750ML
$9.49 BAREFOOT MOSCATO 750ML
$8.79 SAWMILL CREEK CHARDONNAY 750ML
SHOP & SAVE Rewards Program See In-Store for details
$52.99 BUDWEISER 36 CANS
$37.99 BUD LIGHT 24 CANS
$36.99 STELLA ARTOIS 18 BOTTLES
$35.99 LUCKY LAGER 24 CANS
$32.99 KOKANEE 24 CANS
$30.99 MOLSON CANADIAN 24 CANS
$26.49 MICHELOB ULTRA 15 CANS
$25.99 COORS ORIGINAL 15 CANS
$24.99 CORONA 12 CANS
$21.99 SLEEMANS ORIGINAL 15 CANS
$21.49 SLEEMANS HONEY BROWN 12 BOTTLES
$20.99 MILLER HIGH LIFE 15 CANS
$20.99 OKANAGAN SPRING PALE ALE 12 CANS
$19.99 SLEEMANS CLEAR 12 CAN MIXER
$19.79 RED TRUCK 12 CAN MIXER
$24.99 MUDDLERS MOSCOW MULE 12 CAN MIXER
$24.79 DILLONS GIN 12 CAN MIX
$23.99 PYUR VODKA SODA 12 CAN MIX
$23.99 NUTRL 12 CAN MIX
$21.99 HEY'YALL ORIGINAL 12 CANS
$22.49 TWISTED TEA ORIGINAL PARTY PACK 12 CANS
$12.49 WHITE CLAW WATERMELON RASPBERRY 6 CANS
$8.99 OKANAGAN PEAR GLACIER BERRY PEACH 2L
$12.49 NUDE FRUIT SPLASH STRAWBERRY KIWI 6 CANS
8473 - 120 Street, Delta
604.592.2599
14357 - 104 Ave, Surrey
778.293.1964
LiquorDiscounter.ca
follow us on facebook
Prices exclude tax and deposits and are subject to change without notice.

# CARE AFTER SUDDEN INJURIES

Qualicare®




## ਸਰੀ/ਡੈਲਟਾ/ਵਾਈਟ ਰੌਕ 'ਚ ਹੋਮ ਨਰਸਿੰਗ ਕੇਅਰ ਸੇਵਾਵਾਂ ਉਪਲਬਧ

ਸਰੀ ਵਿੱਚ ਹੋਮ ਕੇਅਰ (ਨਰਸਿੰਗ) ਸੇਵਾਵਾਂ ਸਬੰਧੀ ਨਵੀਂ ਕੰਪਨੀ 'ਕੁਆਲੀ ਕੇਅਰ ਹੋਮ ਕੇਅਰ ਸਰਵਿਸਿਜ' ਨੇ ਸਰੀ, ਡੈਲਟਾ ਅਤੇ ਵਾਈਟ ਰੌਕ ਦੇ ਵਸਨੀਕਾਂ ਲਈ ਆਪਣੀਆਂ ਸੇਵਾਵਾਂ 18 ਅਪ੍ਰੈਲ ਤੋਂ ਸ਼ੁਰੂ ਕਰ ਦਿੱਤੀਆਂ ਹਨ। ਕੰਪਨੀ ਦੀ ਪ੍ਰਮੁੱਖ ਸ਼ੈਲੀ ਪਟੇਲ ਜਿਨ੍ਹਾਂ ਨੂੰ ਹੈਲਥ ਕੇਅਰ ਸੈਕਟਰ ਵਿੱਚ ਲੰਬਾ ਤਜ਼ਰਬਾ ਹੈ ਨੇ ਦੱਸਿਆ ਕਿ ਦੁਰਘਟਨਾ ਤੋਂ ਬਾਅਦ ਹਸਪਤਾਲ ਵਿੱਚੋਂ ਛੁੱਟੀ ਮਿਲ ਜਾਣ ਉਪਰੰਤ ਵੀ ਤੰਦਰੁਸਤ ਹੋਣ ਤੱਕ ਦੇ ਸਮੇਂ, ਬਿਮਾਰ ਵਿਅਕਤੀਆਂ, ਅਲਜ਼ਾਈਮਰ ਅਤੇ ਹੋਰ ਗੰਭੀਰ ਰੋਗਾਂ ਦੇ ਮਰੀਜ਼ਾਂ ਲਈ ਅਤੇ ਬਜ਼ੁਰਗ ਜਿਨ੍ਹਾਂ ਨੂੰ ਘਰ ਵਿੱਚ ਹੀ ਨਰਸਿੰਗ ਅਤੇ ਸੇਵਾ ਸੰਭਾਲ ਦੀ ਲੋੜ ਹੈ, ਨੂੰ ਵਿਸ਼ਵ ਪੱਧਰੀ ਕੁਆਲਟੀ, ਵਾਜ਼ਿਬ ਰੇਟ ਅਤੇ 24/7 ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ।

### Care After Sudden Injuries

For clients recovering from motor vehicle accidents, competent and compliant Attendant Care Services is a must. At Qualicare, Attendant Care Services are offered under the direction of Care Experts who have extensive experience in their fields. Each Care Expert leads a team of certified, compassionate professionals.

When you partner with Qualicare, we promise to:

**MAKE A COMPLEX PROCESS SIMPLE**

With the Form 1 or care request in our hands, services can start as quickly as your client Needs them, often as soon as the same day. Plus, we'll proactively remind you when Extensions are coming due.

**MAINTAIN METICULOUS, SHIFT-BY-SHIFT RECORDS**

Our caregivers are highly trained in caring for clients who are rehabilitating from motor vehicle accidents and keep diligent, shift-by-shift records, so you're always proactively informed about how things are progressing.

**MANAGE CLIENT EXPECTATIONS**

Our team is available to answer your clients' calls 24/7, 365 days a year, so your time can be reserved for only the things that genuinely require your oversight.



**From the very first phone call we'll help your clients get the right care at the right time. Our Care Experts are always available so call 1 888 591 0017 or visit qualicare.com to get started.**

## ਸੇਵਾਵਾਂ ਦੇ ਵਿਸਥਾਰ ਅਤੇ ਰਜਿਸਟਰੇਸ਼ਨ ਲਈ ਸੰਪਰਕ ਕਰੋ:ਸ਼ੈਲੀ ਪਟੇਲ

## 778-735-2474 ਜਾਂ 604-782-5605

**For more information on Qualicare of Delta, Surrey and White Rock, please visit https://www.qualicare.com/deltasurrey/ or call 778-735-2474/604-782-5605**

# 11th ANNUAL
# SHAHEED MEWA SINGH SPORTS AND CULTURAL FESTIVAL
## To Commemorate the 100th Anniversary of BABAR AKALI LEHAR


*"Friendship First, Competition Second."*





*"Sports for the people, not for profit."*

## SUNDAY, AUG 14TH, 2022 8:00AM TO 8:00PM
**NORTH SURREY SENIOR SECONDARY SCHOOL @ 15945 96 Ave, Surrey BC V4N 2R8**









**WE ARE INVITING ALL THE FAMILIES AND FRIENDS TO ATTEND THE EVENT.**
**THERE WILL BE FAMILY PICNIC ALL DAY.**

## EVENTS CONTACT LIST

**ATHLETICS**
Iqbal Purewal 604-720-1652

**WEIGHTLIFTING**
Makhan Sandhu 604-897-3814
Malkiat Swaich 778-889-9526

**WRESTLING**
Jesse Purewal 778-668-0699

**SOCCER**
Monty Bual 778-882-6357
Jasvir Purewal 604-506-8091

**VOLLEYBALL**
Jagga Bassi - 604-767-6235
Makhan Dosanjh - 778-251-6010



**For More Information Call:**

| Santokh Dhesi | Kirpal Bains | Iqbal Purewal |
|---|---|---|
| 604.339.7439 | 604.518.7676 | 604.720.1652 |

## *Top Quality *Friendly Service * On Time & Free Delivery

ਲੋਕਾਂ ਦੀ ਪੁਰਜੋਰ ਮੰਗ ਤੇ ਪਾਲ ਨਰਵਾਲ ਅਤੇ ਪੈਟਰਿਕ ਨੇ ਖੋਲ੍ਹ ਦਿੱਤਾ ਹੈ 'ਫਰਨੀਚਰ ਲੀਕਿਊਡੇਟਰਜ' (77 ਐਵੇਨਿਊ ਤੇ 128 ਸਟਰੀਟ) ਦੀ ਨੁੱਕਰ ਤੇ ਜਿੱਥੋਂ ਤੁਸੀਂ ਉਨ੍ਹਾਂ ਦੇ ਆਪਣੇ ਬਣਾਏ ਹੋਏ ਬਾਕਸ ਬੈੱਡ, ਸੋਫਾ ਸੈੱਟ ਅਤੇ ਮੈਟਰੈੱਸ ਕੌਡੀਆਂ ਦੇ ਭਾਅ ਖਰੀਦੋ

# FIRST CHOICE FURNITURE LIQUIDATORS

7743-128St Surrey, BC (Opposite to Subway)




ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ ਵਿਚ




ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ, ਹਾਰਡ/ਮੀਡੀਅਮ/ਸੌਫਟ ਫੋਮ ਵਿਚ













### Foam Mattress



Single $99 Double $129 Queen $149

### Matresses



Single $149.00 Double $249.00
Queen $299.00



ਗੌਦਰੇਜ
ਦੀ ਅਲਮਾਰੀ
ਕੀਮਤ
$599.00

## Paul Narwal & Patrick 604-503-4457 ਜਾਂ 236-868-1628

ਵਿਆਹ ਸ਼ਾਦੀ, ਐਨੀਵਰਸਰੀ ਅਤੇ ਜਨਮ ਦਿਨ
ਦੀਆਂ ਪਾਰਟੀਆਂ ਨੂੰ ਚਾਰ ਚੰਨ ਲਾਉਣ ਲਈ



ਜਗਰੂਪ ਢਿੱਲੋਂ
ਐਂਡ ਪਾਰਟੀ
ਨਾਲ ਸੰਪਰਕ ਕਰੋ

ਅਸੀਂ ਲੇਡੀਜ਼ ਸੰਗੀਤ, ਸੁਹਾਗ, ਜਾਗੋ, ਬੋਲੀਆਂ, ਘੋੜੀਆਂ, ਲੋਕ ਗੀਤਾਂ ਵਿੱਚ ਮਾਹਿਰ ਹਾਂ। ਤੁਹਾਡੀ ਪਾਰਟੀ ਯਾਦਗਾਰੀ ਬਣ ਜਾਵੇਗੀ

ਜਗਰੂਪ ਢਿੱਲੋਂ ਨੂੰ ਸੰਪਰਕ ਕਰੋ:
604.401.9335
604.379.9572
778.593.9335





ਪੰਜਾਬ ਦੀ ਤੁਹਾਡੀ ਜ਼ਮੀਨ ਨਾਲ ਜੁੜਿਆ ਕੋਈ ਵੀ ਕੰਮ ਜਾਂ ਮਸਲਾ ਹੋਵੇ

ਸਾਬਕਾ ਸੀਨੀਅਰ ਅਧਿਕਾਰੀ ਅਤੇ ਪੰਜਾਬ ਰੈਵੇਨਿਊ ਦੇ ਮਾਹਿਰ
ਸ. ਹਰਚਰਨ ਸਿੰਘ ਸੰਧੂ ਪੀ ਸੀ ਐੱਸ (ਰਿਟਾ:)
ਨੂੰ ਫੋਨ ਕਰੋ: 604-518-3637
ਜਾਂ ਈਮੇਲ ਕਰੋ hssandhupcs@gmail.com





FOR ALL YOUR DENTAL NEEDS
In Cloverdale & South Surrey



Dr. Inderpreet Sandhu
BDS, DDS

CLOVERDALE VILLAGE
DENTAL

Services Provided

- Dental Exams/X-rays
- Dental Fillings
- Extractions/Oral Surgery
- Teeth Whitening
- Cleaning & Polishing
- Crowns & Bridges
- Dentures & Mouth Guards
- Root Canal Treatment

A House of Family Dentistry
5635 - 176A Street, Surrey, BC
(across the street from Cloverdale Library)
Cloverdalevillagedental@gmail.com
604-579-0102



MB BRAR & Co.
Accounting & Business Professionals

INCOME TAX ਇਨਕਮ ਟੈਕਸ
Nil Income Still Eligible For Refunds. E-file For Faster Refunds
ਸਾਨੂੰ ਵਧੀਆ ਅਤੇ ਭਰੋਸੇਯੋਗ ਸੇਵਾਵਾਂ ਲਈ ਮਿਲੋ:
For Prompt, Polite And Professional Services, Please See Us

- Personal Tax (T1)
- Sole Proprietor
- Corporate Tax (T2)
- Partnerships
- GST, PST & HST
- WCB
- CRA Reviews
- Business Planning

- ਪਰਸਨਲ ਟੈਕਸ
- ਪ੍ਰੋਪਰਾਇਟਰ
- ਕੋਰਪੋਰੇਟ ਟੈਕਸ
- ਪਾਰਟਨਰਸ਼ਿਪ
- ਜੀ.ਐਸ.ਟੀ., ਪੀ.ਐਸ.ਟੀ. ਅਤੇ ਐਚ.ਐਸ.ਟੀ.
- ਡਬਲਿਊ.ਸੀ.ਬੀ.
- ਸੀ.ਆਰ.ਏ. ਰਿਵੀਊਜ਼
- ਬਿਜਨਿਸ ਪਲੈਨਿੰਗ

All Revenue Canada applications and inquiries.

Mandeep Brar: 778-908-3317
mandeep@brarco.ca





Continental
Immigration Solutions
“Helping Make Canada Home”

- Super Visa
- Permanent Residence
- Study Permit
- Work Permit
- Provincial Nominations
- Spousal Sponsorship

- ਸੁਪਰ ਵੀਜ਼ਾ
- ਪਰਮਾਨੈਂਟ ਰੇਜੀਡੈਂਸ
- ਸਟੱਡੀ ਪਰਮਿਟ
- ਵਰਕ ਪਰਮਿਟ
- ਪ੍ਰੋਵਿੰਸ਼ੀਅਲ ਨੌਮੀਨੇਸ਼ਨਜ
- ਪਤੀ/ਪਤਨੀ ਸਪੌਂਸਰਸ਼ਿਪ

Sukhvir Chand
RCIC, BBA
sukh@cisonline.ca
778-549-6851

CAPIC ACCP
www.cisonline.ca
Commissioner of Oaths for British Columbia
Member of CAPIC
iccrc crcic

Unit 101 32883 South Fraser Way Abbotsford British Columbia V2S 2A6 | Tel: 604-852-3201 | Fax: 604-852-3284

# ਮਦਰ ਇੰਡੀਆ

## ਹਰਬਲ ਸ਼ੈਪੂ ਨਾਲ ਵਾਲ ਕਾਲੇ ਕਰੋ ਸਿਰਫ 7 ਮਿੰਟਾਂ ਵਿੱਚ

**NOW IN BOTTLE**






Available in
8 different colors
**Natural Brown**
**Dark Brown**
**Natural Black**
**Burgandy**
& more...

ਪਹਿਲਾਂ ਬਾਅਦ




Ginger Shampoo

Organ Oil

- ਕੋਈ ਬੋਅ ਨਹੀਂ
- ਨਾ ਕੋਈ ਕੈਮੀਕਲ
- ਨਾ ਅਮੋਨੀਆ
- ਚਮੜੀ ਉਪਰ ਕੋਈ ਦਾਗ ਨਹੀਂ ਪੈਂਦਾ
- ਟੱਬ ਵਿੱਚ ਕੋਈ ਨਿਸ਼ਾਨ ਨਹੀਂ ਪੈਂਦਾ
- ਲੱਗਭੱਗ ਇੱਕ ਮਹੀਨੇ ਤੱਕ ਕਲਰ ਰਹਿੰਦਾ ਹੈ
- ਜੈਤੂਨ ਦੇ ਤੇਲ ਨਾਲ ਬਣਿਆ
- ਸਿਰਫ 7 ਮਿੰਟ ਲਾਉਣ ਦੀ ਲੋੜ



# ਮਦਰ ਇੰਡੀਆ

ਨਰੇਸ਼ ਸ਼ੁਕਲਾ

6647 Main Street (50th Ave.) Vancouver BC V5X 3H3

**TEL: 604-430-6072** Email: nareshcanada@hotmail.com

# Home Improvement


## TOOR LANDSCAPING & FENCE

RESIDENTIAL & COMMERCIAL

- ਅਸੀਂ ਨਵੇਂ ਅਤੇ ਪੁਰਾਣੇਂ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
- ਅਸੀਂ ਤੁਹਾਡੀ ਨਵੀਂ ਫੈਂਸ ਲਾ ਕੇ ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
- ਕੰਮ ਦੀ ਪੂਰੀ ਪੂਰੀ ਗਰੰਟੀ ਹੈ।
- ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।



ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ ਅਸੀਂ ਲੋਹੇ ਦੀ ਫੈਂਸ ਵੀ ਲਾਉਂਦੇ ਹਾਂ

ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ

ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।

**604-729-3225**

ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

## iFix WALL & CEILING LTD.

- TAPPING & FINISHING
- TEXTURED CEILINGS
- KITCHEN-BATHROOM
- BOARDING
- STEEL STUD
- PAINTING-PLUMBING

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੇਂਟਿੰਗ, ਪਲਬਿੰਗ, ਕਿਚਨ, ਵਾਸ਼ ਰੂਮ ਅਤੇ ਇਲੇਕਟ੍ਰੀਕਲ ਰਿਪੇਅਰ ਆਦਿ ਦੇ ਕੰਮਾਂ ਵਿਚ ਮਾਹਿਰ।

ਟੇਪਰਾਂ ਦੀ ਤੁਰੰਤ ਲੋੜ ਹੈ

ਪੂਰੇ ਲੋਅਰ ਮੇਨਲੈਂਡ ਵਿਚ ਸਰਵਿਸ ਕਰਦੇ ਹਾਂ

FOR BEST DEAL CALL : HARINDER SINGH DHALIWAL

**604.760.1732, 604.442-1571**

## ਸੰਦਲ ਰੈਨੋਵੇਸ਼ਨ

Your's Complete Home Renovation

- * ਫਰੇਮਿੰਗ
- * ਡਰਾਈਵਾਲ
- * ਪੇਂਟਿੰਗ
- * ਟਾਈਲਜ਼
- * ਲੈਮੀਨੇਟ
- * ਇਲੈਕਟ੍ਰੀਕਲ
- * ਪਲਬਿੰਗ
- * ਕਾਰਪੇਟ
- * ਰੂਫਿੰਗ ਦਾ ਕੰਮ
- * ਸਨਡੈਕ ਦੀ ਰਿਪੇਅਰ

ਮੁਫਤ ਐਸਟੀਮੇਟ ਲਈ ਸੰਪਰਕ ਕਰੋ

**ਭਿੰਦਰ : 604-725-6270**

## KING 73 RENO LTD.

*We Do All Kind Of Renovation*

* ਫਰੇਮਿੰਗ * ਡਰਾਈਵਾਲ * ਪੇਂਟਿੰਗ * ਟਾਈਲਾਂ
* ਸਨਡੈੱਕ ਦੀ ਰਿਪੇਅਰ * ਲੈਮੀਨੇਟ * ਵਾਸ਼ਰੂਮ
* ਕਿਚਨ * ਐਕਸਟਰਾ ਰੂਮ ਐਡੀਸ਼ਨ
* ਇਲੈਕਟ੍ਰੀਕਲ * ਪਲੰਬਿੰਗ * ਰੂਫਿੰਗ ਦਾ ਕੰਮ

ਅਸੀਂ ਸਨਡੈੱਕ ਅਤੇ ਪੌੜੀਆਂ ਵੀ ਰਿਪੇਅਰ ਕਰਦੇ ਹਾਂ



ਵੱਡੀ ਜਾਂ ਛੋਟੀ ਜੌਬ, ਹਰ ਪ੍ਰਕਾਰ ਦੀ ਰੈਨੋਵੇਸ਼ਨ ਫਰੀ ਐਸਟੀਮੇਟ ਵਾਸਤੇ
17 ਸਾਲਾਂ ਦੇ ਤਜਰਬੇਕਾਰ ਗੁਰਦੀਪ ਸਿੰਘ ਨਾਲ ਸੰਪਰਕ ਕਰੋ :

FREE ESTIMATES

KING 73 RENO LTD. ਵਾਲਿਆਂ ਨੂੰ ਵਰਕਰਾਂ ਦੀ ਲੋੜ ਹੈ। ਕੰਮ ਹਫਤੇ ਵਿਚ 6 ਦਿਨ ਚੱਲੇਗਾ। ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ

Gurdeep S. Gill **778.896.4555**

king73renoltd@gmail.com www.king73reno.com


## DAWN RENOVATION

Commercial & Residential

ਹਰ ਤਰ੍ਹਾਂ ਦੀ ਰੂਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ

Certified Electrician, Builder, Construction & Development

ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲਬਿੰਗ / ਹੀਟਿੰਗ * ਪੇਂਟਿੰਗ* ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।



ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ

**604-716-3534 / 778-881-0236**

daljitsinghdhami@gmail.com

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ 'ਤੇ ਕਰਦੇ ਹਾਂ

## ਲੱਖੀ ਰੈਨੋਵੇਸ਼ਨ

- ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
- ਬੇਸਮੈਂਟ ਦੀ ਰੈਨੋਵੇਸ਼ਨ
- ਡੋਰ ਐਂਡ ਮੋਲਡਿੰਗ
- ਵਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
- ਫਲੋਰ ਅਤੇ ਵਾਲ ਟਾਈਲਜ਼
- ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ



- ਘਰ ਨੂੰ ਵਧਾਉਣਾ
- ਪੇਟਿੰਗ
- ਕਾਰਪੇਂਟਰੀ
- ਪੌੜੀਆਂ
- ਫਿਨਸ਼ਿੰਗ
- ਫਰੇਮਿੰਗ

15 ਸਾਲਾ ਦਾ ਤਜ਼ਰਬਾ

ਹੋਰ ਜਾਣਕਾਰੀ ਲਈ ਫੋਨ ਕਰੋ :
ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ 'ਤੇ ਗਰੰਟੀ ਨਾਲ ਕਰਦੇ ਹਾਂ

ਅਸੀਂ ਤਸੱਲੀਬਖਸ਼ ਕੰਮ ਕਰਦੇ ਹਾਂ

**ਲੱਖਵਿੰਦਰ ਸੈਂਹਬੀ : 604-621-0206**

lakhwindersembhi@yahoo.ca

## BT LINE PAINTING CO.

ਟੋਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ

SPECIALIZING IN:

Spray & Roller Panting * Interior & Exterior * Pressure Washing*

ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।

ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੂਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ

ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ

For FREE estimates call Mr. Kulwant Singh Boyal

**Cell: 604-340-7497 Res: 604-543-8064**

## Up-To-Date Finishing

ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ

We are specialized in Custom Wood Working:

Residential & Commercial Renovations

- Doors
- Mouldings
- Fire Place
- Base Board
- Hardy Plank
- Wood Floor




**Sanjeev Dhir 778.320.9413**

sanjeevkumarsk52@gmail.com

# HOME IMPROVEMENT


## A-CLASS Appliance Rep.

*Stove *Fridges
*Washer *Dryers
*Dishwasher *Freezer
*Garburator *Hot Water Tank
*Hot Water Heating Furnace



GURJIT
CERTIFIED TECHNICIAN
(24Hrs)

Off: 604-543-6239
#103-12465-82Ave Surrey, BC

## A-CLASS Electric Ltd.

*House *Commercial *Industrial *Renovation
*Town Houses Wiring *Build-In Vaccum
*Security System & Monitoring
*Intercom's Video Monitored Intercom

FREE ESTIMATES

Cell: 604-351-2538
Tel:604-596-5474



CLASS "A" CERTIFIED & LICENCED ELECTRICIANS
MANJIT

## SINGH RAJ
RENOVATION CO.

We noticed your house needs minor repair
Unsure ofyourhousehold fixtures?
Just to replace or repair? Get it Done Today!
We guaranteed Singh Raj Renovation is the smartest choice for household small jobs

*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.

SPECIALISTS IN
Maintain+Repair & New Installation
Reasonable Rates
20Yrs Exprienced

Call Raj: 778-229-9261

## Ambrosia Renovation

Your's Complete Home Renovation


* ਫਰੇਮਿੰਗ
* ਡਰਾਈਵਾਲ
* ਪੇਂਟਿੰਗ
* ਟਾਈਲਜ਼
* ਲੈਮੀਨੇਟ
* ਇਲੈਕਟ੍ਰੀਕਲ
* ਪਲਬਿੰਗ
* ਕਾਰਪੈਟ
* ਰੂਫਿੰਗ ਦਾ ਕੰਮ
* ਸਨਡੈਕ ਦੀ ਰਿਪੇਅਰ

Sunny : 778-951-1699

## J&J FRESH LOOK HOMES LTD.

BUILDING
YOUR DREAM
CREATING REALTY

fresh Look HOMES Residential
J & J FRAMING CONSTRUCTION TEAM
Pacific HOME WARRANTY
2-5-10 Year Warranty



We Built Custom Homes

- New Residential
- Commercial Const.
- Licensed
- Bonded
- Framing
- Roof Trusses
- Floor Trusses
- Other Services

J&J FRAMING LTD
CONSTRUCTION TEAM



WORKERS WANTED
ਕਾਮਿਆਂ ਦੀ ਲੋੜ ਹੈ

Jarnail Singh Maan:
604.832.9308
maanjarnail@gmail.com
3412 Nightingale Dr., Abbotsford BC V2T 5W3

## HARI RENOVATIONS

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ।

ਸਮੇਂ ਸਿਰ ਭਰੋਸੇਯੋਗ ਕੰਮ ਕੀਤਾ ਜਾਂਦਾ ਹੈ

Residential & Commerical
Free Estimate
ਬ੍ਰੈਂਡ ਨਿਊ ਬੇਸਮੈਂਟ ਅਤੇ ਪੂਰੇ ਪੁਰਾਣੇ ਘਰ ਦੀ ਰੇਨੋਵੇਸ਼ਨ ਦੇ ਮਾਹਿਰ

ਪੂਰੇ ਲੋਅਰਮੇਨ ਲੈਂਡ ਵਿਚ ਸਰਵਿਸ ਕਰਦੇ ਹਾਂ
Paul 778-823-1056
ਕੰਮ ਲਈ ਵਰਕਰਾਂ ਦੀ ਤੁਰੰਤ ਲੋੜ ਹੈ

H0502

# ਦਰਿਆ ਦਿਲ ਬਾਬਾ

*ਮਾ. ਲਖਵਿੰਦਰ ਸਿੰਘ ਰਈਆ

ਬਾਬਾ ਮੂਲਾ ਸਿੰਘ ਪਿੰਡ ਦਾ ਨੰਬਰਦਾਰ ਸੀ। ਬਿਲਕੁਲ ਸਾਦ-ਮੁਰਾਦਾ। ਖਾਣਾ ਵੀ ਸਾਦਾ ਤੇ ਪਹਿਨਣਾ ਵੀ ਸਾਦਾ। ਨਸ਼ਿਆਂ ਤੋਂ ਕੋਹਾਂ ਦੂਰ। ਦੋ ਭਰਾਵਾਂ (ਰੂੜ ਸਿੰਘ ਤੇ ਊਧਮ ਸਿੰਘ) ਦਾ ਮੋਢੀ ਤੇ ਚਾਰ ਪੁੱਤਰਾਂ (ਸੋਹਣ ਸਿੰਘ, ਤੇਜਾ ਸਿੰਘ, ਕਰਨੈਲ ਸਿੰਘ ਤੇ ਮਹਿਲ ਸਿੰਘ) ਦਾ ਬਾਪ ਬਾਬਾ ਮੂਲਾ ਸਿੰਘ ਖ਼ੁਦ ਵੀ ਪੂਰਾ ਮਿਹਨਤੀ ਸੀ ਤੇ ਅੱਗੋਂ ਉਸ ਦੀ ਔਲਾਦ ਵੀ ਪੂਰੀ ਕਮਾਊ ਸੀ। ਘਰ ਪਰਿਵਾਰ ਵਿੱਚ ਰਿਜ਼ਕ ਦੀਆਂ ਪੂਰੀਆਂ ਲਹਿਰਾਂ-ਬਹਿਰਾਂ ਸਨ। ਲੱਛਮੀ ਦੀ ਵੀ ਫੁੱਲ ਕਿਰਪਾ ਸੀ, ਪਰ ਸਿਦਕਵਾਨ ਏਨਾ ਸੀ ਕਿ ਕੀ ਮਜ਼ਾਲ ਸੀ ਕਿ ਬਈ ਕਿਸੇ ਦੇ ਬੋਹ਼ਲ ਦਾ ਦਾਣਾ/ ਕਿਣਕਾ ਵੀ ਉਸ ਦੇ ਬੋਹ਼ਲ ਵਿੱਚ ਆਣ ਰਲੇ। ਜੇ ਕਿਤੇ ਹਨੇਰੀ ਝੱਖੜ ਅਜਿਹਾ ਕੁਝ ਵਾਪਰ ਜਾਂਦਾ ਤਾਂ ਉਹ ਦੂਣਾ ਕਰਕੇ ਮੋੜ ਕੇ ਹੀ ਦਮ ਲੈਂਦਾ। ਲੋਕਾਂ ਵਿੱਚ ਧਾਰਨਾ ਬਣੀ ਹੋਈ ਸੀ ਕਿ ਜੇ ਇਸ ਬਾਬੇ ਦੇ ਪੈਰ ਜਿਸ ਖੇਤ ਵਿੱਚ ਵੀ ਪੈ ਜਾਣ ਤਾਂ ਉਸ ਖੇਤ ਦੀ ਫ਼ਸਲ ਲਹਿਰਾ ਉੱਠਦੀ ਹੈ। ਬਾਬੇ ਨੇ ਵੀ ਆਪਣੇ ਖੇਤਾਂ ਵਿੱਚੋਂ ਲੋਕ ਲਾਂਘੇ /ਡੰਡੀਆਂ ਨੂੰ ਰੋਕਣ ਲਈ ਵਾੜ ਆਦਿ ਵੀ ਕਦੇ ਨਹੀਂ ਕੀਤੀ ਸੀ।

ਬਾਬੇ ਮੂਲਾ ਸਿੰਘ ਦਾ ਨਿਤਨੇਮ ਸੀ ਕਿ ਹਰ ਸ਼ਾਮ ਨੂੰ ਉਸ ਨੇ ਵਿਹੜੇ (ਗਰੀਬ ਕਾਲੋਨੀ) ਵੱਲ ਗੇੜਾ ਮਾਰ ਕੇ ਸੁੱਖ-ਸਾਂਦ ਪੁੱਛਦਿਆਂ ਨਾਲ ਨਾਲ ਆਖੀ ਵੀ ਜਾਣਾ, ''ਡੱਡਿਓ/ਮੁੱਤਿਓ /ਛਿੰਦਿਓ/ਭਾਈ ਬੰਦਿਓ! ਜੇ ਪੈਸੇ-ਧੇਲੇ ਜਾਂ ਆਟੇ-ਗੁੜ ਦੀ ਲੋੜ ਐ ਤਾਂ ਉਕਾ ਈ ਸੰਗਣਾ/ ਝਿਜਕਣਾ ਨਹੀਂ ਤੇ ਨਾ ਹੀ ਭੁੱਖੇ ਸੋਣਾ ਜੇ।'' 'ਡੱਡਿਓ/ ਮੁੱਤਿਓ/ ਛਿੰਦਿਓ/ ਭਾਈ ਬੰਦਿਓ' ਬਾਬੇ ਦੇ ਲਾਡ ਪਿਆਰ ਤੇ ਮਮਤਾ ਭਰੇ ਬੋਲ ਉਸ ਦੇ ਮੂੰਹ ਵਿੱਚੋਂ ਫੁੱਲ ਕਿਰਦੇ ਜਾਪਦੇ। ਲੋੜਵੰਦ ਬੇਝਿਜਕ ਹੋ ਕੇ ਆਪਣੀਆਂ ਲੋੜਾਂ ਨੂੰ ਪੂਰਾ ਕਰ ਲੈਂਦੇ। ਜੇ ਕਿਸੇ ਨੂੰ ਵੱਡੀ ਆਰਥਿਕ ਲੋੜ ਪੈਂਦੀ ਤਾਂ ਉਹ ਪੈਸਿਆਂ ਬਦਲੇ ਆਪਣੀ ਜਾਇਦਾਦ (ਪੈਲੀ ਬੰਨਾ) ਬੈਅ ਕਰਨ (ਵੇਚਣ) ਲਈ ਬਾਬੇ ਕੋਲ ਪਹੁੰਚ ਕਰਦੇ ਤਾਂ ਬਾਬਾ ਹੌਸਲਾ ਦਿੰਦਾ ਆਖਦਾ, ''ਭਾਈ ਬੀਬਿਆ! ਜੇ ਦਿਨ ਨਹੀਂ ਰਿਹਾ ਤਾਂ ਰਾਤ ਵੀ ਨਹੀਂ ਰਹਿਣੀ, ਚੰਗੇ-ਮਾੜੇ ਦਿਨਾਂ ਦਾ ਚੱਕਰ ਚੱਲਦਾ ਈ ਰਹਿਣੈ। ਜੇ ਤੁਹਾਡਾ ਬੁੱਤਾ ਉਂਜ ਈ ਸਾਰਤਾ (ਮਦਦ ਕਰਤੀ) ਤਾਂ ਤੁਹਾਡੇ ਵਿੱਚ ਆਲਸ ਤੇ ਵਿਹਲੀਆਂ ਖਾਣ (ਮੁਫ਼ਤਖੋਰੀ) ਦੀ ਆਦਤ ਪੈ ਜਾਏਗੀ। ਸੋ ਤੁਹਾਡਾ ਪੈਲੀ ਬੰਨਾ ਬੈਅ ਨਹੀਂ ਸਿਰਫ਼ ਅਮਾਨਤ ਵਜੋਂ ਗਹਿਣੇ ਹੀ ਰੱਖਾਂਗਾ ਤਾਂ ਕਿ ਤੁਹਾਡੇ ਵਿੱਚ ਮਿਹਨਤ/ਕਿਰਤ ਕਮਾਈ ਕਰਨ ਦਾ ਰੁਝਾਨ ਬਣਿਆ ਰਹੇ। ਜਦੋਂ ਵੀ ਤੁਸੀਂ ਪੈਰਾਂ ਸਿਰ ਹੋ ਜਾਓ ਤਾਂ ਪੈਸੇ ਮੋੜ ਕੇ ਆਪਣੇ ਪੈਲੀ ਬੰਨੇ ਦੇ ਮਾਲਕ ਬਣੇ ਰਹੋਗੇ।'' ਬਾਬੇ ਨੇ ਕਈਆਂ ਦੀ ਇਸ ਤਰੀਕੇ ਨਾਲ ਮਦਦ ਵੀ ਕੀਤੀ ਤੇ ਉਨ੍ਹਾਂ ਵੱਲੋਂ ਪੈਸੇ ਮੋੜਨ 'ਤੇ ਉਨ੍ਹਾਂ ਦੀ ਅਮਾਨਤ ਬਗੈਰ ਕਿਸੇ ਹੀਲ ਹੁਜ਼ਤ ਦੇ ਵਾਪਸ ਕਰ ਦਿੰਦਾ ਸੀ।

ਉਹ ਵੇਲਾ ਵੀ ਬੜਾ ਭਲਾ ਸੀ। ਲੋਕ ਵੀ ਬੜੇ ਸਿਦਕਵਾਨ ਤੇ ਗ਼ੈਰਤਮੰਦ ਸਨ। ਕੋਈ ਵੀ ਬਗੈਰ ਲੋੜ ਤੋਂ ਕਿਸੇ ਅੱਗੇ ਹੱਥ ਅੱਡਣੇ ਜਾਨੀ ਵਿਹਲੀਆਂ ਖਾਣੀਆਂ ਉਕਾ ਹੀ ਪਸੰਦ ਨਹੀਂ ਕਰਦਾ ਸੀ। ਸਗੋਂ ਇਸ ਨੂੰ ਜ਼ਲਾਲਤ ਭਰਿਆ ਕਰਮ ਗਿਣਿਆ ਜਾਂਦਾ ਸੀ। ਪਿੰਡ ਦੀ ਧੀ ਭੈਣ ਦੇ ਵਿਆਹ-ਸ਼ਾਦੀ ਦੇ ਕਾਰਜਾਂ ਸਮੇਂ ਬਾਬਾ ਮੂਲਾ ਸਿੰਘ ਨੂੰ ਜ਼ਰੂਰ ਯਾਦ ਕੀਤਾ ਜਾਂਦਾ ਤੇ ਬਾਬਾ ਵੀ ਸੌ ਵ਼ਲ ਭੰਨ ਕੇ ਜ਼ਰੂਰ ਪਹੁੰਚਦਾ। ਜੇ ਕਿਤੇ ਬਾਬੇ ਤੋਂ ਪਹੁੰਚ ਨਾ ਵੀ ਹੰਦਾ ਤਾਂ ਵੀ ਸ਼ਗਨ ਦੇ ਰੂਪ ਵਿੱਚ ਉਸ ਦੇ ਪਿਆਰ ਦਾ ਹੱਥ ਵਿਆਂਦੜ ਧੀ ਭੈਣ ਦੇ ਸਿਰ 'ਤੇ ਜ਼ਰੂਰ ਹੁੰਦਾ।

ਸਾਲ 1955 ਦੇ ਹੜ੍ਹਾਂ ਦੀ ਤਬਾਹੀ ਦੀ ਗੱਲ ਹੈ ਕਿ ਜਿੱਥੇ ਫ਼ਸਲਾਂ ਦੀ ਵੱਡੀ ਤਬਾਹੀ ਹੋਈ, ਉੱਥੇ ਬਹੁਤ ਸਾਰੇ ਰੈਣ ਬਸੇਰੇ ਵੀ ਢਹਿ-ਢੇਰੀ ਹੋ ਗਏ। ਬਾਬੇ ਨੇ ਆਪਣੀ ਜਮ੍ਹਾਂ ਪੂੰਜੀ/ਪਦਾਰਥਾਂ ਵਿੱਚੋਂ ਲੋੜਵੰਦਾਂ ਦੀ ਆਪਣੀ ਸਮਰੱਥਾ ਅਨੁਸਾਰ ਸਹਾਇਤਾ ਕੀਤੀ। ਉੱਧਰ ਸਰਕਾਰ ਨੇ ਹੜ੍ਹ ਪੀੜਤਾਂ ਦੀ ਬਾਂਹ ਫੜਨ ਦੇ ਯਤਨ ਵਜੋਂ ਮੁਆਵਜ਼ਾ ਵੰਡਣ ਲਈ ਐਲਾਨ ਕਰ ਦਿੱਤਾ। ਪਿੰਡ ਦੇ ਚੌਕੀਦਾਰ ਨੇ ਪੀਪਾ ਖੜਕਾ ਕੇ ਪਿੰਡ ਦੇ ਲੋਕਾਂ ਨੂੰ ਰਈਆ ਕੋਠੀ (ਰੈਸਟ ਹਾਊਸ) ਵਿੱਚ ਪਹੁੰਚ ਕੇ ਮੁਆਵਜ਼ਾ ਲੈਣ ਲਈ ਇਤਲਾਹ ਵੀ ਦੇ ਦਿੱਤੀ। ਲੋਕ ਜਿਨ੍ਹਾਂ ਚ ਬਾਬਾ ਵੀ ਸੀ, ਸਮੇਂ ਸਿਰ ਨਿਸ਼ਚਿਤ ਸਥਾਨ 'ਤੇ ਪਹੁੰਚ ਗਏ। ਉੱਧਰ ਉੱਚੇ ਉੱਚੇ ਤੁਰਲਿਆਂ/ ਫਰਲਿਆਂ ਵਾਲੇ ਬਹੁਤ ਸਾਰੇ ਸਫ਼ੈਦਪੋਸ਼ ਆਪਣੀ ਧੌਂਸ ਜਮਾਉਣ ਲਈ ਮੁਆਵਜ਼ਾ ਵੰਡਣ ਵਾਲੇ ਤਹਿਸੀਲਦਾਰ ਦੇ ਨੇੜੇ ਹੋ ਕੇ ਬੈਠੇ ਹੋਏ ਸਨ। ਪੂਰਾ ਰੋਹਬ ਆਕੜੀਆਂ ਧੌਣਾਂ। ਜਾਨੀ ਹੈਂਕੜ ਭਰੀ ਟੌਹਰ-ਸ਼ੌਹਰ ਦੀ ਪੂਰੀ ਤੂਤੀ ਬੋਲ ਰਹੀ ਸੀ।

ਮੁਆਵਜ਼ਾ ਵੰਡਿਆ ਜਾਣ ਲੱਗਾ, ਪਰ ਅੰਕੜਿਆਂ ਦਾ ਤਾਲਮੇਲ ਨਾ ਹੋਣ ਕਰਕੇ ਮੁਆਵਜ਼ੇ ਦੀ ਰਕਮ ਥੁੜ੍ਹ ਗਈ। ਤਹਿਸੀਲਦਾਰ ਰਹਿਮ ਦਿਲ ਸੀ। ਉਸ ਦੀ ਚਾਹਤ ਸੀ ਕਿ ਇੱਥੇ ਆਏ ਕਿਸੇ ਨੂੰ ਵੀ ਖਾਲੀ ਮੋੜ ਕੇ ਨਿਰਾਸ਼ ਨਾ ਕੀਤਾ ਜਾਵੇ। ਸੋ ਉਸ ਨੇ ਆਪਣੀ ਜੇਬ ਵਿੱਚ ਵੀ ਹੱਥ ਮਾਰਿਆ, ਪਰ ਪੂਰੀ ਗੱਲ ਨਾ ਬਣੀ। ਉਸ ਨੇ ਆਪਣੇ ਲਾਗੇ ਬੈਠੇ ਸਫ਼ੈਦਪੋਸ਼ ਰੋਹਬਦਾਰਾਂ ਨੂੰ ਕੁਝ ਹੱਥ ਵਟਾਉਣ ਲਈ ਵਗਾਰ ਪਾਈ ਤਾਂ ਉਨ੍ਹਾਂ ਦੀ ਬੋਲ ਰਹੀ ਤੂਤੀ ਦੀ ਇੱਕ ਦਮ ਫੂਕ ਨਿਕਲ ਗਈ ਤੇ ਆਕੜੀਆਂ ਧੌਣਾਂ ਹੇਠਾਂ ਨੂੰ ਝੁਕ ਗਈਆਂ। ਬੇਸ਼ੱਕ ਤਹਿਸੀਲਦਾਰ ਨੇ ਇਹ ਉਧਾਰ ਅਗਲੇ ਦਿਨ ਵਾਪਸ ਕਰ ਹੀ ਦੇਣਾ ਸੀ।

ਆਮ ਲੋਕਾਂ ਵਿੱਚ ਬੈਠਾ ਸਾਦ ਮੁਰਾਦਾ ਬਾਬਾ ਉੱਠਿਆ ਤੇ ਲਾਈਨ ਵਿੱਚ ਲੱਗਣ ਦੀ ਥਾਂ ਸਿੱਧਾ ਤਹਿਸੀਲਦਾਰ ਦੀ ਕੁਰਸੀ ਵੱਲ ਹੀ ਹੋ ਤੁਰਿਆ। ਤਹਿਸੀਲਦਾਰ ਨੇ ਬਾਬੇ ਵੱਲ ਤਰਸ ਦੀ ਭਾਵਨਾ ਨਾਲ ਵੇਖਦਿਆਂ ਸੋਚਿਆ ਕਿ ਇਸ ਹਮਾਤੜ ਬਾਬੇ ਨੂੰ ਮੁਆਵਜ਼ੇ ਦੀ ਕੁਝ ਜ਼ਿਆਦਾ ਹੀ ਲੋੜ ਹੋਵੇਗੀ।

ਏਨੇ ਚਿਰ ਨੂੰ ਬਾਬੇ ਨੇ ਤੇੜ ਬੱਧੀ ਆਪਣੀ ਖੱਦਰ ਚਾਦਰ ਦੀ ਡੱਬ/ਲੜ ਵਿੱਚੋਂ ਬਹੁਤ ਸਾਰੇ 100-100 ਰੁਪਏ ਦੇ ਨੋਟ ਕੱਢੇ ਤੇ ਤਹਿਸੀਲਦਾਰ ਦੇ ਮੇਜ਼ 'ਤੇ ਰੱਖਦਿਆਂ ਆਖਣ ਲੱਗਾ, ''ਮੋਤੀਆਂ ਵਾਲਿਆ! ਐ ਮੇਰੀ ਗਰੀਬ ਜਿਹੀ ਸੇਵਾ ਵੀ ਲੋੜਵੰਦਾਂ ਵਿੱਚ ਵੰਡ ਦੇਣਾ ਤਾਂ ਕਿ ਕੋਈ ਵੀ ਮੁਆਵਜ਼ੇ ਤੋਂ ਖਾਲੀ ਨਾ ਮੁੜੇ। ਏਸੇ ਬਹਾਨੇ ਦਾਨ ਪੁੰਨ ਵਿੱਚ ਮੇਰਾ ਵੀ ਤਿਲ ਫੁੱਲ ਪੈ ਜਾਊ।'' ਇਹ ਸੁਣਦਿਆਂ ਸਾਰ ਹੀ ਭਾਵੁਕ ਹੋਏ ਤਹਿਸੀਲਦਾਰ ਨੇ ਬਾਬੇ ਮੂਲਾ ਸਿੰਘ ਨੂੰ ਜੱਫੀ ਵਿੱਚ ਲੈ ਕੇ ਕੁਰਸੀ 'ਤੇ ਬਿਠਾਉਂਦਿਆਂ ਕਹਿਣ ਲੱਗਾ, ''ਵੇਖੋ ਬਈ ਸੱਜਣੋਂ ! ਅਸਲੀ ਟੌਹਰ ਤਾਂ ਦਿਲ ਦਰਿਆ ਇਸ ਬਾਬੇ ਦੀ ...ਆ।''



ਬਾਬਾ ਮੂਲਾ ਸਿੰਘ ਨੰਬਰਦਾਰ ਦਾ ਭਾਵੇਂ ਇਸ ਦੁਨੀਆ ਤੋਂ ਰੁਖ਼ਸਤ ਹੋਇਆਂ ਕਰੀਬ ਪੌਣੀ ਕੁ ਸਦੀ ਦਾ ਸਮਾਂ ਹੋ ਚੱਲਿਆ ਹੈ, ਪਰ ਅਜੇ ਵੀ ਇਸ ਦਿਲ ਦਰਿਆ ਬਾਬੇ ਦੇ ਕਿੱਸੇ ਦੀ ਚੁੰਝ ਚਰਚਾ ਕਿਤੇ ਨਾ ਕਿਤੇ ਸੁਣਨ ਨੂੰ ਜ਼ਰੂਰ ਮਿਲ ਹੀ ਜਾਂਦੀ ਹੈ।

## ਲੈਂਗਲੀ 'ਚ ਗੋਲੀਬਾਰੀ-ਦੋ ਨੂੰ ਮਾਰਨ ਤੇ ਦੋ ਨੂੰ ਜ਼ਖਮੀ ਕਰਨ ਵਾਲਾ ਸ਼ੱਕੀ ਮਾਰਿਆ ਗਿਆ




ਲੈਂਗਲੀ -ਲੈਂਗਲੀ ਵਿਚ ਬੀਤੀ ਅੱਧੀ ਰਾਤ ਤੋ ਸ਼ੁਰੂ ਹੋਈ ਗੋਲੀਬਾਰੀ ਜਿਸ ਵਿਚ ਦੋ ਵਿਅਕਤੀ ਮਾਰੇ ਗਏ ਤੇ ਦੋ ਜ਼ਖਮੀ ਹੋਏ, ਲਈ ਜ਼ਿੰਮੇਵਾਰ ਸ਼ੱਕੀ ਆਖਰ ਪੁਲਿਸ ਨੇ ਮਾਰ ਮੁਕਾਇਆ।ਪੁਲਿਸ ਨੂੰ ਇਸ ਕਾਰਵਾਈ ਨੂੰ ਅੰਜ਼ਾਮ ਦੇਣ ਲਈ ਲਗਪਗ 5 ਘੰਟੇ ਲੱਗੇ। ਸਾਰਜੈਂਟ ਲੀ ਨੇ ਦੱਸਿਆ ਕਿ ਚਾਰ ਥਾਵਾਂ ਤੇ ਗੋਲੀਬਾਰੀ ਅੱਧੀ ਰਾਤ ਤੋਂ ਸਵੇਰੇ 5:45 ਵਜੇ ਦੇ ਵਿਚਕਾਰ ਹੋਈ।ਲੀ ਨੇ ਦੱਸਿਆ ਕਿ ਪਹਿਲੀ ਗੋਲੀਬਾਰੀ ਅੱਧੀ ਰਾਤ ਨੂੰ ਕੈਸਕੇਡਜ਼ ਕੈਸੀਨੋ ਦੇ ਨੇੜੇ ਹੋਈ, ਜਿੱਥੇ ਇੱਕ ਔਰਤ ਨੂੰ ਗੋਲੀ ਮਾਰ ਦਿੱਤੀ ਗਈ ਜਿਸਨੂੰ ਗੰਭੀਰ ਜ਼ਖਮੀ ਹਾਲਤ ਵਿਚ ਹਸਪਤਾਲ ਪਹੁੰਚਾਇਆ ਗਿਆ।ਅਗਲੀ ਸ਼ੂਟਿੰਗ ਲੈਂਗਲੀ ਟਾਊਨਸ਼ਿਪ ਵਿੱਚ 200ਵੀਂ ਸਟਰੀਟ ਦੇ 6400 ਬਲਾਕ ਵਿੱਚ ਕ੍ਰੀਕ ਸਟੋਨ ਪਲੇਸ ਵਿੱਚ ਸਵੇਰੇ 3 ਵਜੇ ਦੇ ਕਰੀਬ ਹੋਈ ਜਿਸ ਵਿਚ ਇੱਕ ਆਦਮੀ ਮਾਰਿਆ ਗਿਆ ਸੀ।ਅਗਲੀ ਗੋਲੀਬਾਰੀ ਸਵੇਰੇ 5 ਵਜੇ ਲੋਗਨ ਐਵੇਨਿਊ ਅਤੇ ਗਲੋਵਰ ਰੋਡ 'ਤੇ ਬੱਸ ਲੂਪ 'ਤੇ ਹੋਈ, ਜਿੱਥੇ ਇਕ ਹੋਰ ਵਿਅਕਤੀ ਮਾਰਿਆ ਗਿਆ।ਸਵੇਰੇ 5:45 ਵਜੇ, 200ਵੀਂ ਸਟਰੀਟ ਅਤੇ ਲੈਂਗਲੀ ਬਾਈਪਾਸ ਦੇ ਆਲੇ-ਦੁਆਲੇ ਇੱਕ ਵਿਅਕਤੀ ਦੀ ਲੱਤ ਵਿੱਚ ਗੋਲੀ ਮਾਰ ਦਿੱਤੀ ਗਈ।ਆਖਰ ਪੁਲਿਸ ਮੁਕਾਬਲੇ ਦੌਰਾਨ ਸ਼ੱਕੀ ਮਾਰਿਆ ਗਿਆ।ਪੁਲਿਸ ਨਾਲ ਹੋਏ ਮੁਕਾਬਲੇ ਬਾਰੇ ਕੁਝ ਵੇਰਵੇ ਜਾਰੀ ਕਰੇਗੀ।ਸ਼ੱਕੀ ਵਿਅਕਤੀ ਪੁਲਿਸ ਨੂੰ ਜਾਣਦਾ ਸੀ।ਪੁਲਿਸ ਮੁਕਾਬਲੇ ਵਿਚ ਮਾਰੇ ਗਏ ਸ਼ੱਕੀ ਵਿਅਕਤੀ ਦੀ ਪਛਾਣ ਕਲੋਵਰਡੇਲ ਦੇ ਵਾਸੀ 28 ਸਾਲਾ ਜੌਰਡਨ ਡੈਨੀਅਲ ਗੋਗਿਨ ਵਜੋ ਦੱਸੀ ਗਈ ਹੈ। ਉਸਦਾ ਕੋਈ ਅਪਰਾਧਿਕ ਰਿਕਾਰਡ ਨਹੀ ਸੀ ਪਰ ਉਸਨੂੰ ਇਕ ਐਕਸੀਡੈਂਟ ਦੇ ਮੁਕਦਮੇ ਦਾ ਸਾਹਮਣਾ ਕਰਨਾ ਪੈ ਰਿਹਾ ਸੀ।ਇਹ ਮੁਕਦਮਾ ਇਕ ਔਰਤ ਵਲੋ ਡੇਲਟਾ ਵਿੱਚ 15 ਸਤੰਬਰ, 2018 ਨੂੰ ਇੱਕ ਕਰੈਸ਼ ਵਿੱਚ ਕਥਿਤ ਤੌਰ 'ਤੇ ਸੱਟਾਂ ਲੱਗਣ ਕਾਰਨ ਕੀਤਾ ਗਿਆ ਸੀ।

Rai
EXPRESS LINES LTD.




Hiring
Team Owner Operators
- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

Call today 604-503-6900
Email-kal@raiexpresslines.com www. raiexpressline.com
Unit 125-7475 135th Street, BC V3W 0M8

THE GRAND TAJ
BANQUET HALL
Khalsa Business Centre, 84th Ave. & 128th St., Surrey



CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com

Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200

Ladies Parties Special

# ਸਿਹਤ ਸੰਬੰਧੀ



# ਗੁੱਸਾ ਅਤੇ ਹੋਮਿਓਪੈਥੀ

ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ – ਇਹ ਪੰਜ ਮਨੁੱਖੀ ਕਮਜ਼ੋਰੀਆਂ ਹਨ। ਜਦੋਂ ਕੋਈ ਵੀ ਵਿਅਕਤੀ ਗੁੱਸੇ ਦੀ ਸਥਿਤੀ ਵਿੱਚ ਹੁੰਦਾ ਹੈ ਤਾਂ ਉਹ ਆਪਣਾ ਸਵੈ-ਕਾਬੂ ਉਸ ਵਿਅਕਤੀ ਦੇ ਹਵਾਲੇ ਕਰ ਦਿੰਦਾ ਹੈ ਜਿਸ ਉੱਪਰ ਉਸ ਨੂੰ ਗੁੱਸਾ ਆ ਰਿਹਾ ਹੁੰਦਾ ਹੈ। ਮਨੁੱਖ ਸੁਭਾਅ ਪੱਖੋਂ ਗੁੱਸੈਲਾ, ਝਗੜਾਲੂ ਅਤੇ ਵਿਨਾਸ਼ਕਾਰੀ ਪ੍ਰਾਣੀ ਹੈ। ਉਸ ਦੀ ਇਹ ਪ੍ਰਵਿਰਤੀ ਆਮ ਤੌਰ ’ਤੇ ਲੜਾਈ ਝਗੜੇ ਜਾਂ ਵਧੀਕੀ ਕਰਨ ਦੀ ਆਦਤ ਦੇ ਰੂਪ ਵਿੱਚ ਦੇਖੀ ਜਾ ਸਕਦੀ ਹੈ। ਜਿਨ੍ਹਾਂ ਸਥਿਤੀਆਂ ਵਿੱਚ ਗੁੱਸਾ ਆਉਂਦਾ ਹੈ, ਗੁੱਸੈਲਾ ਵਿਅਕਤੀ ਆਪਣੇ ਬਚਾਅ ਅਤੇ ਰੱਖਿਆ ਵਾਸਤੇ ਇਸ ਕੌੜੀ ਭਾਵਨਾ ਨੂੰ ਹਥਿਆਰ ਵਜੋਂ ਵਰਤਦਾ ਹੈ। ਜਿਸ ਤਰ੍ਹਾਂ ਰਿਸ਼ਤੇ-ਨਾਤੇ ਗੁੱਸੇ ਕਾਰਨ ਟੁੱਟਣ ਕਿਨਾਰੇ ਆ ਜਾਂਦੇ ਹਨ, ਉੱਥੇ ਹੀ ਨਫ਼ਰਤ ਆਪਸੀ ਪਿਆਰ ਅਤੇ ਲਗਾਵ ਦੀ ਥਾਂ ਲੈ ਲੈਂਦੀ ਹੈ। ਗੁੱਸੇ ਵਿੱਚ ਆਏ ਵਿਅਕਤੀ ਦੇ ਖ਼ੂਨ ਦਾ ਦੌਰਾ ਤੇਜ਼ ਹੋਣ ਨਾਲ ਉਹ ਆਪਣੇ ਸਰੀਰ ਅੰਦਰ ਅਸਥਾਈ ਤੌਰ ’ਤੇ ਵਧੀ ਹੋਈ ਊਰਜਾ ਅਤੇ ਸ਼ਕਤੀ ਦਾ ਪ੍ਰਗਟਾਵਾ ਕਰਦਾ ਹੈ। ਉਸ ਦੇ ਜਿਸਮ, ਲੱਤਾਂ ਬਾਹਾਂ ਵਿੱਚ ਬਹੁਤ ਤਾਕਤ ਦਾ ਅਹਿਸਾਸ ਹੁੰਦਾ ਹੈ ਅਤੇ ਕਈ ਵਿਅਕਤੀਆਂ ਵਿੱਚ ਗੁੱਸੇ ਕਾਰਣ ਕੰਬਣੀ ਵੀ ਛਿੜ ਜਾਂਦੀ ਹੈ।




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579




ਆਮ ਤੌਰ ’ਤੇ ਜਦੋਂ ਗੁੱਸੇ ਨੂੰ ਦਬਾਅ ਕੇ ਰੱਖਿਆ ਜਾਂਦਾ ਹੈ ਅਤੇ ਉਸ ਦਾ ਪ੍ਰਗਟਾਵਾ ਕਰਨ ਦੀ ਥਾਂ ਵਿਅਕਤੀ ਅੰਦਰੋ-ਅੰਦਰ ਸੜਦਾ ਰਹਿੰਦਾ ਹੈ ਤਾਂ ਉਸ ਦਾ ਸਰੀਰ ਇਸ ਬਲਦੀ ਅੱਗ ਨੂੰ ਸਹਾਰ ਨਹੀਂ ਸਕਦਾ। ਇਸ ਸਥਿਤੀ ਵਿੱਚ ਬਾਹਰੀ ਤੌਰ ’ਤੇ ਆਪਣਾ ਸੰਤੁਲਨ ਗਵਾਉਣ ਦੇ ਨਾਲ-ਨਾਲ ਵਿਅਕਤੀ ਅੰਦਰੂਨੀ ਬਿਮਾਰੀਆਂ ਦਾ ਵੀ ਸ਼ਿਕਾਰ ਹੋ ਸਕਦਾ ਹੈ, ਜਿਵੇਂ ਕਿ ਢਿੱਡ ਵਿੱਚ ਐਸਿਡ ਬਣਨਾ ਜਿਸ ਕਾਰਣ ਨਰਮ ਝਿੱਲੀਆਂ ਸੜ ਸਕਦੀਆਂ ਹਨ ਅਤੇ ਢਿੱਡ ਵਿੱਚ ਅਲਸਰ ਬਣ ਸਕਦੇ ਹਨ। ਜਿਸ ਵਿਅਕਤੀ ਨੂੰ ਛੇਤੀ-ਛੇਤੀ ਗੁੱਸਾ ਆਉਂਦਾ ਹੈ ਉਹ ਛੇਤੀ ਢਹਿੰਦੀ ਕਲਾ ਅਤੇ ਘਬਰਾਹਟ ਦਾ ਸ਼ਿਕਾਰ ਹੋ ਜਾਂਦਾ ਹੈ। ਗੁੱਸਾ ਦਬਾਉਣ ਦੀ ਕੋਸ਼ਿਸ਼ ਵਿੱਚ ਕਈ ਵਾਰੀ ਸਰੀਰਕ ਨੁਕਸਾਨ ਵੀ ਹੋ ਸਕਦਾ ਹੈ ਜਿਵੇਂ ਵਧੇ ਹੋਏ ਬਲੱਡ ਪ੍ਰੈਸ਼ਰ ਕਾਰਣ ਦਿਲ ਦੇ ਰੋਗ, ਦਿਮਾਗ ਦੀ ਨਸ ਫਟਣੀ, ਬਹੁਤ ਜ਼ਿਆਦਾ ਸਿਰਦਰਦ ਹੋਣਾ ਜਾਂ ਪੁਰਾਣਾ ਮਾਈਗ੍ਰੇਨ ਉੱਭਰ ਕੇ ਸਮੱਸਿਆ ਬਣ ਜਾਣਾ। ਬੇਇਨਸਾਫ਼ੀ ਦੀਆਂ ਸਥਿਤੀਆਂ, ਬੇਵਜ੍ਹਾ ਦੂਸ਼ਣਬਾਜ਼ੀ ਦਾ ਸਾਹਮਣਾ ਕਰਨਾ ਜਾਂ ਸੱਚੇ ਵਿਅਕਤੀ ਨੂੰ ਝੂਠਾ ਕਰਾਰ ਦੇਣਾ ਗੁੱਸੇ ਅਤੇ ਨਫ਼ਰਤ ਨੂੰ ਜਨਮ ਦਿੰਦਾ ਹੈ। ਮਨੁੱਖੀ ਸਰੀਰ ਦੇ ਦੋਵੇਂ ਗੁਰਦਿਆਂ ਦੇ ਅੱਗੇ “ਐਡ੍ਰਿਨਲ ਗਲੈਂਡ” ਨਾਂ ਦੀਆਂ ਗ੍ਰੰਥੀਆਂ ਹੁੰਦੀਆਂ ਹਨ। ਸੰਕਟਕਾਲ ਦੌਰਾਨ ਇਨ੍ਹਾਂ ਗ੍ਰੰਥੀਆਂ ਵਿੱਚੋਂ “ਐਡ੍ਰਿਨਲਿਨ” ਨਾਂ ਦਾ ਹਾਰਮੋਨ ਰਿਸਦਾ ਹੈ ਜੋ ਕਿ ਗੁੱਸੇ ਦੀ ਵਜ੍ਹਾ ਬਣਦਾ ਹੈ। ਸਰੀਰ ਉੱਪਰ ਗੁੱਸੇ ਦੇ ਮਾੜੇ ਪ੍ਰਭਾਵ ਵਿਅਕਤੀ ਦੀ ਸਰੀਰਕ ਸੰਵੇਦਨਾ ਉੱਪਰ ਵੀ ਨਿਰਭਰ ਕਰਦੇ ਹਨ। ਯੋਗ ਆਸਣ ਜਾਂ ਧਿਆਨ ਲਗਾਉਣ ਨੂੰ ਗੁੱਸੇ ਦਾ ਇਲਾਜ ਵਧੀਆ ਇਲਾਜ ਮੰਨਿਆ ਗਿਆ ਹੈ। ਪਰ, ਅੱਜ ਦੇ ਯੁਗ ਵਿੱਚ ਗੁੱਸੇ ਦਾ ਡਾਕਟਰੀ ਇਲਾਜ ਵੀ ਸੰਭਵ ਹੈ। ਗੁੱਸੇ ਤੋਂ ਬਚਣ ਲਈ ਧਿਆਨ ਲਾਂਭੇ ਕਰਨਾ ਲਾਜ਼ਮੀ ਹੁੰਦਾ ਹੈ ਅਤੇ ਅਜਿਹਾ ਕਰਨ ਲਈ ਕੁਦਰਤੀ ਨਜ਼ਾਰੀਆਂ ਵੱਲ ਧਿਆਨ ਦੇਣਾ, ਆਪਣਾ ਮਨਪਸੰਦ ਸੰਗੀਤ ਸੁਣਨਾ, ਕਸਰਤ ਕਰਨੀ, ਖੇਡਾਂ ਵਿੱਚ ਹਿੱਸਾ ਲੈਣਾ, ਲੰਮੀ ਸੈਰ, ਵਧੀਆ ਕਿਤਾਬਾਂ ਪੜ੍ਹਨੀਆਂ, ਚੁਟਕਲੇ ਸੁਣਨੇ-ਸੁਣਾਉਣੇ, ਪਾਲਤੂ ਜਾਨਵਰਾਂ ਦਾ ਸੰਗ ਜਾਂ ਚਿਤਰਕਾਰੀ ਜਾਂ ਕੋਈ ਹੋਰ ਮਨਭਾਉਂਦਾ ਕਾਰਜ ਕੀਤਾ ਜਾ ਸਕਦਾ ਹੈ।

ਵੱਖ-ਵੱਖ ਸਥਿਤੀਆਂ ਵਿੱਚ ਵੱਖ-ਵੱਖ ਕਾਰਣਾਂ ਕਰਕੇ ਆਇਆ ਗੁੱਸਾ ਮਨੁੱਖੀ ਸਰੀਰ ਅੰਦਰ ਜਿਹੜੀਆਂ ਬਿਮਾਰੀਆਂ ਪੈਦਾ ਕਰਨ ਦੇ ਸਮਰੱਥ ਹੋ ਸਕਦਾ ਹੈ, ਉਨ੍ਹਾਂ ਬਿਮਾਰੀਆਂ ਦੇ ਇਲਾਜ ਦੀ ਜੜ੍ਹ ਗੁੱਸੇ ਦੇ ਕਾਰਣਾਂ ਵਿੱਚੋਂ ਲੱਭ ਕੇ ਹੋਮਿਓਪੈਥੀ ਦੀ ਢੁਕਵੀਂ ਦਵਾਈ ਦੀ ਚੋਣ ਰਾਹੀਂ ਹੋ ਸਕਦੀ ਹੈ।

ਹੋਮਿਓਪੈਥ ਆਰ.ਐੱਸ. ਸੈਣੀ ਹਰ ਕੇਸ ਨੂੰ ਵਖਰੇਵੇਂ ਨਾਲ ਵੇਖਦਿਆਂ ਉਪਰੋਕਤ ਦੱਸੇ ਅਨੁਸਾਰ ਪੀੜਤ ਵਿਅਕਤੀ ਦੀ ਮਦਦ ਕਰਦੇ ਹਨ।

ਗੁੱਸੇ ਦੀ ਸਥਿਤੀ ਵਿੱਚ ਹੋਮਿਓਪੈਥੀ ਦੀਆਂ ਕੁਝ ਦਵਾਈਆਂ ਜਿਵੇਂ ਕਿ ਕੈਮੋਮੀਲਾ, ਨਕਸਵਾਮੀਕਾ, ਸਟੈਫ਼ੀਸੈਗਰੀਆ ਅਤੇ ਕੋਲੋਸਿੰਥ ਆਦਿ ਲੱਛਣਾਂ ਅਨੁਸਾਰ ਗੁੱਸੈਲੇ ਵਿਅਕਤੀ ਦੇ ਗੁੱਸੇ ਨੂੰ ਠੱਲ੍ਹ ਪਾਉਣ ਵਿੱਚ ਕਾਰਗਰ ਸਿੱਧ ਹੁੰਦੀਆਂ ਹਨ।

ਇਨ੍ਹਾਂ ਦਵਾਈਆਂ ਨੂੰ ਆਪਣੇ ਪੱਧਰ ’ਤੇ ਕਦੇ ਵੀ ਨਹੀਂ ਲੈਣਾ ਚਾਹੀਦਾ, ਸਗੋਂ ਪੇਸ਼ਾਵਰ ਹੋਮਿਓਪੈਥ ਦੀ ਸੇਵਾਵਾਂ ਦਾ ਲਾਭ ਲੈਣਾ ਚਾਹੀਦਾ ਹੈ।


ਨਸ਼ਿਆਂ ਤੋਂ ਛੁਟਕਾਰਾ ਪਾਓ

night & day
recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*
**Surrey's Choice Rehabilitation Centre**
**C: 778-855-3172, F: 778-395-4113**
14688-106 Ave. Surrey BC
info@nightanddayrecovery.ca www.nightanddayrecovery.ca






ਵੈਨਕੂਵਰ ਦਾ ਸਭ ਤੋਂ ਪਹਿਲਾ
ਪੰਜਾਬੀਆਂ ਦਾ ਜਿਊਲਰੀ ਸਟੋਰ

**ਹਾਈ ਕਲਾਸ ਜਿਊਲਰ**
ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ
ਵਿੱਚ ਮਸ਼ਹੂਰ ਨਾਮ
ਜਿੱਥੋਂ ਤੁਸੀਂ ਮਨਪਸੰਦ ਜਿਊਲਰੀ
ਖਰੀਦ ਸਕਦੇ ਹੋ

6570 - Main St., (Between 49th & 50th) Vancouver BC
**Ph: 604-327-3132** FAX: 604-327-0335

# ਧਰਿਓ ਧਿਆਨ ਧਨੰਤਰੋ...



ਅਮੀਰ ਬਣਨਾ ਤਾਂ ਜੀ ਸਦਕੇ, ਪਰ ਹਸ਼ਰ ਸਮਝੋ

ਕਈ ਮਨੁੱਖ ਇੰਨੇ ਅਮੀਰ ਸੀ ਕਿ ਉਂਨਾਂ ਕੋਲ ਅਮਰੀਕਾ ਦੀ ਗੌਰਮਿੰਟ ਨਾਲ਼ੋਂ ਵੱਧ ਪੈਸਾ ਸੀ। ਉਨਾਂ ਦਾ ਅੰਤ ਕਿਵੇਂ ਹੋਇਆ ਆਉ ਦੇਖੀਏ !!!

1. ਪਹਿਲਾ ਸੀ ਚਾਰਲਸ ਸ਼ਿਵਾਬ : ਸਟੀਲ ਕੰਪਨੀ ਦਾ ਮਾਲਕ ! ਇਹ ਭਓਨਕਰੁਪਟ ਹੋ ਕੇ ਮਰਿਆ

2. ਹਾਵਰਡ ਹਬਸਨ: ਇਹ ਪਾਗਲ ਹੋ ਕੇ ਮਰਿਆ

3. ਆਰਥਰ ਕਟਨ: ਇਹ ਅੰਨ ਦਾ ਵਾਪਾਰੀ ਇਹ ਕਰਜਾਈ ਹੋ ਕੇ ਮਰਿਆ!

4. ਰਿਚਰਡ ਵਿਟਨੇਅ: ਜੇਲ੍ਹ ਚ ਮਰਿਆ

5. ਐਲਬਰਟ ਫਾਲ:ਇਹਨੂੰ ਜੇਲ਼ ਮਾਫ਼ੀ ਦਿੱਤੀ ਗਈ ਤੇ ਘਰ ਚੋ ਬਾਹਰ ਜਾਣ ਦਾ ਹੁਕਮ ਨ ਹੋਣ ਕਰਕੇ ਘਰੇ ਮਰਿਆ

6. ਜੈਸੀ ਲਿਵਰ: ਵਾਲ ਸਟਰੀਟ ਦਾ ਵਡਾ ਖਰੀਦਦਾਰ ਆਤਮ ਹੱਤਿਆ ਕਰਕੇ ਮਰਿਆ

7. ਲੀਓਨ ਫਰੇਜਰ : ਵੱਡੀਆਂ ਵੱਡੀਆਂ ਕੰਪਨੀਆਂ ਦਾ ਮਾਲਕ ਆਤਮ ਹੱਤਿਆ ਕਰਕੇ ਮਰਿਆ

8. ਈਵਾਨ ਕਰੂਗਰ : ਬੈਂਕਾਂ ਦਾ ਮਾਲਕ ਆਤਮ ਹੱਤਿਆ ਕਰਕੇ ਮਰਿਆ

ਇਹ ਸਾਰੇ ਲੋਕ ਸਿਰਫ ਪੈਸਾ ਕਮਾਉਣਾ ਜਾਣਦੇ ਸੀ ਪਰ ਜਿਉਣਾਂ ਭੁੱਲ ਗਏ ਕਿ ਜ਼ਿੰਦਗੀ ਕੀ ਹੈ/ਇਹਦਾ ਜੀਉਣ ਦਾ ਮਕਸਦ ਕੀ ਹੈ ?

ਉਂਨਾਂ ਨੂੰ ਇਸ ਗੱਲ ਦਾ ਅਹਿਸਾਸ ਹੀ ਨਹੀਂ ਸੀ ਕਿ ਅਸੀਂ ਜੀਉਦੇ ਹਾਂ ਤੇ ਸਾਡੇ ਆਲੇ ਦੁਆਲੇ ਹੋਰ ਮਨੁੱਖ ਪਸ਼ੂ ਪੰਛੀ ਕੁਦਰਤ ਆਸਮਾਨ ਹਵਾ ਫੁੱਲ ਸਾਰੀ ਕਾਇਨਾਤ ਜੀਉ ਰਹੀ ਹੈ !

ਗੱਲ ਉਂਨਾਂ 8 ਬੰਦਿਆਂ ਦੀ ਹੀ ਨਹੀਂ ਹੈ

ਗ਼ਦਾਫੀ ਤੇ ਸੁਦਾਮ ਹੁਸੈਨ ਦੀ ਮੌਤ ਆਪਾਂ ਦੇਖੀ ਹੈ

ਜਰਮਨ ਦਾ ਸੀਮਿੰਟ ਦਾ ਅਰਬਾਂ ਪਤੀ ਗੱਡੀ ਥੱਲੇ ਆ ਕੇ ਮਰਿਆ ਥੋੜ੍ਹੇ ਸਾਲ ਪਹਿਲਾਂ!ਘਾਟਾ ਨਹੀਂ ਝੱਲ ਸਕਿਆ। ਹਾਲਾਂਕਿ ਉਸ ਕੋ਼ਲ ਹਾਲੇ ਵੀ ਬਹੁਤ ਕੁੱਛ ਸੀ। ਮਿਡਲ ਈਸਟ ਦੇ ਸ਼ਹਿਨਸ਼ਾਹ ਨੇ ਹੁਕਮ ਕੀਤਾ ਸੀ ਕਿ ਉਹਦੀ ਕਬਰ ਦਾ ਕਿਸੇ ਨੂੰ ਪਤਾ ਨਾ ਲੱਗੇ ਕਿ ਕਿੱਥੇ ਦੱਬਿਆ ਗਿਆ।

ਪੈਸਾ ਜ਼ਰੂਰਤ ਹੈ ਦੋਸਤੋ। ਪੈਸੇ ਦੀ ਲੋੜ ਹੈ ਮਿੱਤਰੋ ! ਪਰ ਪੈਸਾ ਜ਼ਿੰਦਗੀ ਨਹੀਂ ਹੈ ਪਿਆਰਿਓ। ਜੇ ਤੁਸੀਂ ਆਪਣੇ ਲੋਕਾਂ ਨਾ਼ਲੋਂ ਸਮਾਜ ਨਾ਼ਲੋਂ ਭਾਈਚਾਰੇ ਨਾ਼ਲੋਂ ਇਸ ਕਰਕੇ ਟੁੱਟ ਚੁੱਕੇ ਹੋ ਕਿ ਤੁਸੀਂ ਬਹੁਤ ਅਮੀਰ ਹੋ ਤਾਂ ਹੋ ਸਕਦਾ ਤੁਹਾਡਾ ਅੰਤ ਵੀ ਇੰਨਾਂ ਅਮੀਰਾਂ ਵਰਗਾ ਹੋਵੇ ।

ਜੇ ਅਮੀਰ ਹੀ ਹੋਣਾ ਤਾਂ ਵਾਰਨ ਬਫੇਟਸ ਵਰਗਾ ਹੋਵੇ ਜੋ ਦੁਨੀਆਂ ਦਾ ਸਭ ਤੋਂ ਅਮੀਰ ਗਿਣਿਆ ਜਾਣ ਵਾਲਾ ਮਨੁੱਖ ਹੈ ਪਰ ਜੋ ਸਾਦੇ ਜਿਹੇ ਘਰ ਚ ਰਹਿੰਦਾ ਹੈ !

ਉਹ ਜ਼ਿੰਦਗੀ ਦੇ ਰਾਜ਼ ਇਉਂ ਦੱਸਦਾ ਕਿ :

1 ਖ਼ੁਸ਼ੀ ਬਾਹਰੋਂ ਨਹੀਂ ਆਉਦੀ ਇਹ ਤੁਹਾਡੇ ਅੰਦਰ ਹੈ

2, ਖ਼ੁਸ਼ੀ ਨਿੱਕੀਆਂ ਨਿਕੀਆਂ ਚੀਜ਼ਾਂ ਚ ਹੁੰਦੀ ਹੈ ਵੱਡੀਆਂ ਚ ਨਹੀਂ

3 ਸਾਦਗੀ ਚ ਜੀਉ

4. ਬਹੁਤਾ ਗੂੜ (ਕੂੜ) ਗਿਆਨ ਨਾ ਇਕੱਠਾ ਕਰੋ

ਸਾਦਾ ਸੋਚੋ

5. ਪੈਸੇ ਜ਼ਰੂਰ ਜੋੜੋ ਪਰ ਸਾਰਾ ਧਿਆਨ ਇਹਦੇ ਚ ਹੀ ਨਾ ਖਰਚ ਕਰੋ। **-(ਪੰਧੇਰ ਗੁਰਸੇਵ ਨੇ ਭੇਜਿਆ)**



# ਮਾਂ

ਅੱਧੀ ਰਾਤ..ਭਾਂਡੇ ਖੜਕਣ ਦੀ ਅਵਾਜ..ਪਾਣੀ ਦੀ ਚੱਲਦੀ ਟੂਟੀ..ਮਾਂ ਰਸੋਈ ਵਿਚ ਸੀ!ਤਿੰਨੇ ਨੂੰਹਾਂ ਪੁੱਤ ਕਦੇ ਦੇ ਸੌਂ ਗਏ ਸਨ..ਪਰ ਉਹ ਜਾਗਦੀ ਸੀ..ਖੁਰੇ ਵਿਚ ਖਿੱਲਰੇ ਜੂਠੇ ਭਾਂਡੇ..ਕੰਮ ਸਾਂਝੇ ਟੱਬਰ ਦਾ ਸੀ ਪਰ ਉਹ ਖੁਦ ਦੀ ਜੁੰਮੇਵਾਰੀ ਸਮਝਦੀ ਸੀ..ਨਾਲੋਂ ਨਾਲ ਦੁੱਧ ਦਾ ਪਤੀਲਾ ਗਰਮ ਹੋ ਰਿਹਾ ਸੀ..ਅਜੇ ਜਾਗ ਲਾਉਣਾ ਬਾਕੀ ਸੀ..ਤਾਂ ਕੇ ਸਾਰੇ ਅਗਲੀ ਸੁਵੇਰ ਤਾਜਾ ਦਹੀਂ ਖਾ ਸਕਣ..!

ਅਚਾਨਕ ਕੱਚ ਦਾ ਗਲਾਸ ਭੁੰਝੇ ਜਾ ਡਿੱਗਾ..ਸਿੱਧਾ ਸੱਜੇ ਪੈਰ ਦੇ ਅੰਗੂਠੇ ਤੇ..ਪੀੜ ਹੋਈ ਪਰ ਉਹ ਖੁਸ਼ ਸੀ..ਖੜਾਕ ਜੂ ਨਹੀਂ ਸੀ ਹੋਇਆ ਅਤੇ ਟੁੱਟਣੋਂ ਵੀ ਬਚ ਗਿਆ..!

ਪਰ ਫੇਰ ਵੀ ਸੁੱਤੇ ਪਏ ਜਾਗ ਪਏ..!ਵੱਡੇ ਪੁੱਤ ਦੇ ਘਰੋਂ ਆਖਣ ਲੱਗੀ..ਅੱਧੀ ਰਾਤ ਹੋ ਗਈ..ਇਸਨੂੰ ਨੀਂਦਰ ਨਹੀਂ ਪੈਂਦੀ..ਨਾ ਆਪ ਸੌਂਦੀ ਨਾ ਕਿਸੇ ਹੋਰ ਨੂੰ ਹੀ..!

ਵਿਚਲੇ ਥਾਂ ਵਾਲੀ ਆਖਣ ਲੱਗੀ..ਹੁਣ ਵੇਖਣਾ ਸੁਵੇਰੇ ਤੜਕੇ ਚਾਰ ਵਜੇ ਫੇਰ ਤੋਂ ਖੜ-ਖੜ ਸ਼ੁਰੂ ਹੋ ਜਾਣੀ..ਨਾ ਆਪ ਚੈਨ ਲੈਣਾ ਤੇ ਨਾ ਕਿਸੇ ਹੋਰ ਨੂੰ ਹੀ ਲੈਣ ਦੇਣਾ..!

ਸਭ ਤੋਂ ਨਿੱਕੀ..ਪਲੀਜ ਜਾ ਕੇ ਆਹ ਪਖੰਡ ਬੰਦ ਕਰਵਾਓ..ਅਖ਼ੇ ਆਥਣ ਵੇਲੇ ਜੂਠੇ ਹੋਏ ਅਗਲੀ ਸੁਵੇਰ ਤੱਕ ਲਈ ਨਹੀਂ ਛੱਡਣੇ ਚਾਹੀਦੇ..ਬਦਸ਼ਗਨੀ ਹੁੰਦੀ..!

ਉਹ ਗਿਆ ਪਰ ਓਦੋਂ ਤੱਕ ਮਾਂ ਭਾਂਡੇ ਸਾਂਭ ਚੁਕੀ ਸੀ..ਦੱਬੇ ਪੈਰੀ ਹੀ ਵਾਪਿਸ ਮੁੜ ਆਇਆ!

ਲੱਕ ਦਾ ਕੁੱਬ..ਚੇਹਰੇ ਦੀਆਂ ਝੁਰੜੀਆਂ..ਢਿਲਕੀ ਹੋਈ ਚਮੜੀ..ਜੋੜਾਂ ਦਾ ਦਰਦ..ਗੋਡਿਆਂ ਦੀ ਤਕਲੀਫ..ਅੱਖਾਂ ਦਾ ਮੋਤੀਆਂ..ਸਰਫ਼ੇ ਦੇ ਦੰਦ..ਮੁੜਕੇ ਨਾਲ ਭਿੱਜਿਆ ਸਰੀਰ..ਪੈਰਾਂ ਦੀ ਲੜਖੜਾਹਟ..ਤਾਂ ਵੀ ਦੁੱਧ ਦਾ ਗਰਮ ਪਤੀਲਾ ਨੰਗੇ ਹੱਥਾਂ ਨਾਲ ਹੀ ਚੁੱਕ ਲਿਆ!ਏਨੇ ਨੂੰ ਵੇਖਿਆ ਘੜੀ ਦੀਆਂ ਸੂਈਆਂ ਵੀ ਬਰੋਬਰ ਹੋ ਗਈਆਂ..!

ਆਪਣੇ ਮੰਜੇ ਵਲ ਨੂੰ ਜਾਣ ਲੱਗੀ ਫੇਰ ਵਾਪਿਸ ਪਰਤ ਆਈ..ਫਰਿੱਜ ਅੰਦਰੋਂ ਭਿੰਡੀਆਂ ਕੱਢੀਆਂ..ਸਾਰੀਆਂ ਕੱਟ ਦਿੱਤੀਆਂ..ਫੇਰ ਗੰਢੇ ਤੇ ਅਧਰਕ..!

ਫੇਰ ਕੁਝ ਚੇਤਾ ਆਇਆ..ਸਿਰਹਾਣੇ ਥੱਲਿਓਂ ਪੋਟਲੀ ਕੱਢੀ..ਅੰਦਰੋਂ ਅੰਦਾਜੇ ਜਿਹੇ ਨਾਲ ਗੋਲੀਆਂ ਕੱਢ ਫੱਕਾ ਮਾਰ ਲਿਆ ਤੇ ਪਾਣੀ ਦੇ ਘੁੱਟ ਨਾਲ ਅੰਦਰ ਲੰਘਾ ਗਈ!ਕੋਲ ਖੰਗਦੇ ਹੋਏ ਨਾਲਦੇ ਨੇ ਪੁੱਛਿਆ..ਆ ਗਈ ਏਂ..ਆਖਿਆ ਹਾਂ ਅੱਜ ਤੇ ਰਸੋਈ ਵਿੱਚ ਕੋਈ ਖਾਸ ਕੰਮ ਹੀ ਨਹੀਂ ਸੀ!

ਮਗਰੋਂ ਪਤਾ ਨਹੀਂ ਨੀਂਦਰ ਪਈ ਕੇ ਨਹੀਂ ਪਰ ਤੜਕੇ ਅਲਾਰਮ ਬਾਅਦ ਵਿੱਚ ਵੱਜਿਆ ਉਹ ਪਹਿਲੋਂ ਜਾਗ ਗਈ..ਪੋਹ ਮਾਘ ਦੀਆਂ ਠੰਡੀਆਂ ਸੁਵੇਰਾਂ ਨੂੰ ਵੀ ਸ਼ਾਇਦ ਹੀ ਕਦੇ ਤੱਤੇ ਪਾਣੀ ਨਾਲ ਨ੍ਹਾਤੀ ਹੋਵੇ..ਅਖ਼ੇ ਮੈਨੂੰ ਕਿਹੜੀ ਠੰਡ ਲੱਗਦੀ..ਪਰ ਹਰੇਕ ਨੂੰ ਵੱਖਰਾ ਗਰਮ ਪਾਣੀ..!ਆਪ ਅਖਬਾਰ ਕਦੀ ਨਾ ਪੜ੍ਹਦੀ ਪਰ ਗੇਟ ਲਾਗੋਂ ਚੁੱਕਣੀ ਉਸਦੀ ਜੁੰਮੇਵਾਰੀ ਸੀ..ਖੁਦ ਸਾਰੀ ਜਿੰਦਗੀ ਕਦੀ ਚਾਹ ਨਹੀਂ ਸੀ ਪੀਤੀ ਪਰ ਬਾਕੀਆਂ ਲਈ ਪਿਆਲੀਆਂ ਢੱਕ ਕੇ ਰੱਖ ਜਰੂਰ ਦਿੰਦੀ..!

ਕਈ ਵੇਰ ਸੋਚਦਾ ਮਾਂ ਦੇ ਵਿਸ਼ੇ ਤੇ ਲਿਖਣਾ ਬੋਲਣਾ ਦੱਸਣਾ ਅਤੇ ਚਰਚਾ ਕਰਨਾ ਕਨੂੰਨਨ ਬੰਦ ਹੋਣਾ ਚਾਹੀਦਾ..ਇਸ ਰਿਸ਼ਤੇ ਨੂੰ ਕਿਸੇ ਕਸੌਟੀ ਤੇ ਪਰਖਣਾ ਵੀ ਪੂਰੀ ਤਰਾਂ ਵਰਜਿਤ ਹੋਵੇ..ਜੋ ਖੁਦ ਇੱਕ ਕਸੌਟੀ ਹੋਵੇ ਉਹ ਦੂਜੀ ਕਸੌਟੀ ਤੇ ਕਿਵੇਂ ਪਰਖੀ ਜਾ ਸਕਦੀ..!

ਪਰ ਇਸ ਵਿਸ਼ੇ ਤੇ ਭਾਵੇਂ ਸਾਰੀ ਜਿੰਦਗੀ ਗੱਲਬਾਤ ਕਰਦੇ ਰਹੀਏ ਕਦੀ ਨਹੀਂ ਮੁੱਕੇਗੀ..ਗਮਾਂ ਦੀ ਰਾਤ ਲੰਮੀ ਏ..ਜਾਂ ਮੇਰੇ ਗੀਤ ਲੰਮੇ ਨੇ..ਨਾ ਭੈੜੀ ਰਾਤ ਮੁੱਕਦੀ ਏ..ਨਾ ਮੇਰੇ ਗੀਤ ਮੁੱਕਦੇ ਨੇ!

ਹਾਂ ਸੱਚ ਇੱਕ ਹੋਰ ਗੱਲ..ਜੇ ਇਹ ਸਭ ਕੁਝ ਪੜ੍ਹਦਿਆਂ ਰੋਣਾ ਆ ਜਾਵੇ ਤਾਂ ਲੁਕਾਇਓ ਨਾ ਤੇ ਨਾ ਹੀ ਡੱਕਿਆ ਹੀ ਜੇ..ਖੁੱਲ ਕੇ ਰੋ ਲੈਣਾ..ਭਾਰ ਹਲਕਾ ਹੋ ਜਾਵੇਗਾ..ਸਿਰ ਵਜੂਦ ਅਤੇ ਜਮੀਰ ਤੇ ਪਿਆ ਹੋਇਆ!

ਜੇ ਜਿਉਂਦੀ ਜਾਗਦੀ ਕੋਲ ਹੋਵੇ ਤਾਂ ਜੱਫੀ ਵਿੱਚ ਲੈ ਕੇ ਚੁੰਮ ਲੈਣਾ..ਅਤੇ ਜੇ ਕਰ ਪਹਿਲੋਂ ਹੀ ਰਵਾਨਗੀ ਪਾ ਗਈ ਏ ਤਾਂ ਉਸਦੀ ਸਭ ਤੋਂ ਪਿਆਰੀ ਚੀਜ ਨੂੰ ਗਲਵੱਕੜੀ ਵਿੱਚ ਲੈ ਕੇ ਉਸਨੂੰ ਇੱਕ ਵੇਰ ਉੱਚੀ ਸਾਰੀ ਅਵਾਜ ਜਰੂਰ ਦੇਣਾ..ਜਿਥੇ ਵੀ ਹੋਈ ਪ੍ਰਤਾਵੀਂ ਅਵਾਜ ਵਿੱਚ ਜਵਾਬ ਜਰੂਰ ਦੇਵੇਗੀ..ਮਾਂ ਜੂ ਹੋਈ!


# ਬਿਲਨ ਫਾਰਮਸ ਲਿਮ.



## ਬਲਿਊ ਬੇਰੀ ਫਾਰਮ ਵਾਲਿਆਂ ਨੂੰ ਬੇਰੀ ਤੋੜਨ ਲਈ ਵਰਕਰਾਂ ਦੀ ਲੋੜ ਹੈ।



*ਸਟੂਡੈਂਟ ਅਤੇ 15 ਸਾਲ ਤੋਂ ਉੱਪਰ ਉਮਰ ਵਾਲੇ ਬੱਚੇ ਵੀ ਕੰਮ ਕਰ ਸਕਦੇ ਹਨ।

*ਬੇਰੀ ਤੋੜਨ ਲਈ ਆਪਣੀ ਰਾਈਡ (ਕਾਰ) ਤੇ ਆਉਣ ਵਾਲਿਆਂ ਨੂੰ ਪਹਿਲ ਦਿੱਤੀ ਜਾਵੇਗੀ ਅਤੇ ਤਨਖਾਹ ਵੀ ਵੱਧ ਦਿੱਤੀ ਜਾਵੇਗੀ।

* ਬਾਹਰ ਤੋਂ ਆਉਣ ਵਾਲੇ ਵਰਕਰਾਂ ਲਈ ਫਾਰਮ ਵਿੱਚ ਰਹਿਣ ਦਾ ਵਧੀਆ ਪ੍ਰਬੰਧ ਵੀ ਹੈ ਅਤੇ ਫਾਰਮ ਸਾਫ ਸੁਥਰੇ ਹਨ।

* ਬੇਰੀ ਤੋੜਨ ਵਾਲੇ ਵਰਕਰਾਂ ਨੂੰ ਸ਼ਾਮ 7:30 ਤੋਂ ਪਹਿਲਾਂ ਘਰ ਪਹੁੰਚਾਇਆ ਜਾਵੇਗਾ।

* ਬੇਰੀ ਟੁੱਟਣ ਤੋਂ ਬਾਅਦ ਬੇਰੀ ਕੱਟਣ ਦਾ ਕੰਮ ਵੀ ਚਲੇਗਾ। * ਸਰਦੀਆਂ ਵਿਚ ਕੈਨਰੀ ਦਾ ਕੰਮ ਵੀ ਹੈ।

*ਸਾਨੂੰ ਕਲਾਸ 4 ਡਰਾਈਵਰਾਂ ਦੀ ਵੀ ਲੋੜ ਹੈ।

*ਪਰੂਨਿੰਗ ਕਰਨ ਲਈ ਘੰਟਿਆਂ ਤੇ ਕੰਮ ਕਰਨ ਵਾਲੇ ਵੀ ਸੰਪਰਕ ਕਰ ਸਕਦੇ ਹਨ।

• ਬਿਕਰਮ ਸਿੰਘ ਬੱਲ-604-537-4552 • ਜਰਨੈਲ ਸਿੰਘ ਬਿਲਨ -604-250-2703 • ਭੁਪਿੰਦਰ ਕੌਰ ਸਰਾਂ - 778-837-4410
• ਜਸਵਿੰਦਰ ਸਿੰਘ -604-230-9506 • ਗੁਰਜੀਤ ਸਿੰਘ - 604-812-1115 • ਪਰਮਜੀਤ ਸੱਲ੍ਹ-604-942-1000, ਤੇਜਬੰਤ ਕੌਰ ਮਾਨ-604-724-5060

# ਹਸਗੁੱਲੇ

ਲੜਕਾ ਗਰਲਫ੍ਰੈਂਡ ਦੇ ਘਰ ਦੇ ਬਾਹਰ ਖੜਾ ਸੀ।

ਅਚਾਨਕ ਲੜਕੀ ਦੀ ਮਾਂ ਬਾਹਰ ਆ ਗਈ

ਆਂਟੀ-ਕੀ ਕਰਦੈਂ ਬੇਟਾ ਇਥੇ?

ਲੜਕਾ- ਕੁਛ ਨਹੀਂ ਬੱਸ ਐਵੇਂ ਹੀ!

ਆਂਟੀ-ਬੇਟਾ ਤੁਹਾਡੀ ਉਮਰ ਪੜ੍ਹਾਈ ਕਰਨ ਦੀ ਹੈ ਜਾਉ ਪੜ੍ਹੋ ਲਿਖੋ ਕੈਰੀਅਰ ਸੈੱਟ ਕਰੋ।

ਲੜਕਾ-ਤੁਹਾਡੀ ਕੁੜੀ ਤਾਂ ਮੇਰੀ ਸੈੱਟ ਹੋ ਨਹੀ ਰਹੀ ਕੈਰੀਅਰ ਕੀ ਖਾਕ ਸੈੱਟ ਕਰੂੰਗਾ।

****************

ਸਸੁਰ (ਦਾਮਾਦ ਸੇ) - ਅਨਮੋਲ, ਹੀਰੇ ਵਰਗੀ, ਸੁੰਦਰ ਬੇਟੀ ਦਿੱਤੀ ਹੈ ਤੈਨੂੰ।

ਦਾਮਾਦ -ਰਹਿਣ ਦਿਉ ਭਾਪਾ ਜੀ!

ਸਸੁਰ- ਕੀ ਮਤਲਬ ਬੇਟਾ!

ਦਮਾਦ- ਹੁਣ ਇਹ ਦੱਸੋ ਕਿ ਕਿੰਨੇ ਵਿੱਚ ਵਾਪਿਸ ਲਵੋਂਗੇ ?

****************

ਚਾਰਟਡ ਅਕਾਊਂਟੈਂਟ ਦੀ ਪਤਨੀ ਨੇ ਆਪਣੇ ਪਤੀ ਨੂੰ ਪੁੱਛਿਆ! ਕਿਉਂ ਜੀ ਇਹ ਮਹਿੰਗਾਈ ਦਰ ਕੀ ਹੁੰਦੀ ਹੈ ?

ਪਤੀ :-ਦੇਖ ਪਹਿਲਾਂ ਤੇਰਾਂ ਲੱਕ 28 ਸੀ ਤੇ ਭਾਰ 45 ਕਿਲੋ ਹੁਣ ਤੇਰਾ ਲੱਖ 38 ਅਤੇ ਵਜ਼ਨ 75 ਕਿੱਲੋ। ਤੇਰੇ ਕੋਲ ਪਹਿਲਾਂ ਨਾਲੋਂ ਸਭ ਕੁਝ ਜ਼ਿਆਦਾ ਹੈ ਪਰ ਫਿਰ ਵੀ ਵੈਲਿਊ ਘੱਟ ਹੈ ਇਹ ਮਹਿੰਗਾਈ ਦਰ ਹੈ !

****************

ਲੜਕਾ - ਮੈਂ ਤੁਹਾਨੂੰ ਬਚਪਨ ਤੋਂ ਹੀ ਪਸੰਦ ਕਰਦਾ ਹਾਂ?

ਕੁੜੀ -ਇੱਕ ਸ਼ਰਤ ਉੱਤੇ ਮੈਂ ਤੁਹਾਨੂੰ ਪਿਆਰ ਕਰਾਂਗੀ!

ਲੜਕਾ - ਕੀ ?

ਕੁੜੀ - ਕਸਮ ਖਾਓ ਕਿ ਮੈਂਨੂੰ ਹੱਥ ਲਾਉਂਣ ਤੋਂ ਪਹਿਲਾਂ ਮੇਰੀ ਇਛਾ ਜਾਨਣੀ ਪਏਗੀ?

ਲੜਕਾ -ਘਰ ਜਾ ਭੈਣੇਂ ਤੇਰੇ ਮੰਮੀ ਪਾਪਾ ਉਡੀਕ ਕਰ ਰਹੇ ਹੋਣਗੇ?

****************

ਪੱਪੂ (ਮੈਡੀਕਲ ਸਟੋਰ ਵਾਲੇ ਨੂੰ) ਅੰਕਲ ਰੰਗ ਗੋਰਾ ਕਰਨ ਵਾਲੀ ਕੋਈ ਕ੍ਰੀਮ ਹੈ?

ਮੈਡੀਕਲ ਵਾਲਾ:- ਹਾਂ ਬਿਲਕੁਲ ਹੈ !

ਪੱਪੂ :- ਤਾਂ ਫਿਰ ਲਾਉਂਦਾ ਕਿਉਂ ਨੀ ਰੋਜ਼ ਤੇਰਾ ਮੂੰਹ ਦੇਖ ਕੇ ਡਰ ਜਾਂਦਾ ਹਾਂ।

****************

ਲੜਕਾ :(ਜਜ਼ਬਾਤੀ ਹੋ ਕੇ ਗਰਲ ਫ੍ਰੈਂਡ ਨੂੰ) ਮੇਰੇ ਕੋਲ ਮੇਰੇ ਦੋਸਤ ਵਰਗੀ ਕਾਰ ਨਹੀ ਪਰ ਤੈਨੂੰ ਪਲਕਾਂ ਤੇ ਬਿਠਾ ਕੇ ਰੱਖਾਂਗਾ! ਉਸਦੇ ਵਰਗਾ ਵੱਡਾ ਘਰ ਨਹੀਂ ਪਰ ਤੈਨੂੰ ਆਪਣੇ ਦਿਲ ਵਿੱਚ ਰੱਖਾਂਗਾ! ਉਸ ਜਿੰਨੇ ਪੈਸੇ ਵੀ ਨਹੀਂ ਪਰ ਮਜ਼ਦੂਰੀ ਕਰਕੇ ਖਵਾਵਾਂਗਾ! ਉਸਦੇ ਜਿੰਨਾ ਅਮੀਰ ਨਹੀਂ ਪਰ ਸਿਰਫ ਤੇਰਾ ਹੀ ਰਹਾਂਗਾ! ਹੋਰ ਕੀ ਚਾਹੀਦਾ ਤੈਨੂੰ?

ਲੜਕੀ :-ਤੇਰੇ ਉਸ ਦੋਸਤ ਦਾ ਨੰਬਰ!

****************

ਹਨੀ, ''ਮਾਂ, ਮਨੀ ਨੇ ਮੇਰੀ ਗੁੱਡੀ ਤੋੜ ਦਿੱਤੀ।''

ਮਾਂ, ''ਮਨੀ, ਤੂੰ ਗੁੱਡੀ ਕਿਵੇਂ ਤੋੜੀ?''

ਹਨੀ, ''ਮੈਂ ਗੁੱਡੀ ਉਸ ਦੇ ਸਿਰ ਉੱਤੇ ਮਾਰ ਦਿੱਤੀ ਸੀ।''

********

ਇੱਕ ਆਦਮੀ ਖੜ੍ਹੇ-ਖੜ੍ਹੇ ਚਾਬੀ ਨਾਲ ਆਪਣੇ ਕੰਨ ਵਿੱਚ ਖਾਰਿਸ਼ ਕਰ ਰਿਹਾ ਸੀ। ਉਦੋਂ ਹੀ ਉਥੇ ਪੱਪੂ ਪੁੱਜਾ ਤੇ ਬੋਲਿਆ, ''ਭਾਈ ਸਾਬ੍ਹ! ਜੇਕਰ ਤੁਸੀਂ ਸਟਾਰਟ ਨਹੀਂ ਹੋ ਪਾ ਰਹੇ ਤਾਂ ਧੱਕਾ ਲਾਵਾਂ?''

****************

ਸੰਜੀਵ, ''ਅੱਜਕੱਲ੍ਹ ਮੇਰੇ ਪਿਤਾ ਜੀ ਦੇ ਅੱਗੇ ਸਾਰੇ ਸਿਰ ਝੁਕਾਉਂਦੇ ਹਨ।''

ਵਿੱਕੀ, ''ਉਹ ਕਿਹੜੇ ਅਫਸਰ ਹਨ?''

ਸੰਜੀਵ, ''ਉਨ੍ਹਾਂ ਨੇ ਸੈਲੂਨ ਵਿੱਚ ਵਾਲ ਕੱਟਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ।''999

'ਮੰਮੀ, ਤੁਹਾਨੂੰ ਉਸ ਪਲੇਟ ਦੀ ਯਾਦ ਹੈ, ਜਿਸ ਦੀ ਤੁਹਾਨੂੰ ਹਰ ਵਕਤ ਚਿੰਤਾਲੱਗੀ ਰਹਿੰਦੀ ਸੀ ਕਿ ਟੁੱਟ ਨਾ ਜਾਏ।'' ਪ੍ਰਥਮ ਨੇ ਕਿਹਾ।

ਮੰਮੀ, '' ਹਾਂ, ਕਿਉਂ?''

ਪ੍ਰਥਮ, ''ਤੁਹਾਡੀ ਚਿੰਤਾ ਖਤਮ ਹੋ ਗਈ।''

****************

ਇੱਕ ਸ਼ਰਾਰਤੀ ਬੱਚਾ ਹੱਥ ਛੱਡ ਕੇ ਸਾਈਕਲ ਚਲਾਉਣ ਲੱਗਾ ਤੇ ਬੋਲਿਆ, ''ਦੇਖੋ, ਮੇਰੇ ਹੱਥ ਨਹੀਂ।''

ਫਿਰ ਦੋਵੇਂ ਪੈਰ ਚੁੱਕ ਦਿੱਤੇ ਤੇ ਬੋਲਿਆ, ''ਮੇਰੇ ਪੈਰ ਵੀ ਨਹੀਂ ਹਨ।''

ਫਿਰ ਧੜੰਮ ਕਰ ਕੇ ਡਿੱਗ ਪਿਆ ਅਤੇ ਉਠ ਕੇ ਬੋਲਿਆ, ''ਮੇਰੇ ਦੰਦ ਵੀ ਨਹੀਂ ਹਨ।''

****************

ਮਨੀ, ''ਅੱਜ ਮੈਨੂੰ ਪੰਜਾਹ ਪੈਸੇ ਦਾ ਸਿੱਕਾ ਮਿਲਿਆ ਹੈ।''

ਹਨੀ, ''ਉਹ ਤਾਂ ਮੇਰਾ ਸੀ।''

ਮਨੀ, ''ਓ ਜਾ, ਮੈਨੂੰ ਪੱਚੀ-ਪੱਚੀ ਪੈਸੇ ਦੇ ਦੋ ਸਿੱਕੇ ਮਿਲੇ ਹਨ।''

ਹਨੀ, ''ਮੇਰਾ ਸਿੱਕਾ ਜ਼ਮੀਨ ਉੱਤੇ ਡਿੱਗ ਕੇ ਟੁੱਟ ਗਿਆ ਹੋਵੇਗਾ।''

****************

ਪਤੀ (ਪਤਨੀ ਨੂੰ), ''ਤੂੰ ਅੱਜ ਕੱਲ੍ਹ ਬੜੀ ਸੋਹਣੀ ਹੁੰਦੀ ਜਾ ਰਹੀ ਏਂ।'' ਪਤਨੀ, ''ਉਹ ਕਿਵੇਂ?''

ਪਤੀ, ''ਤੈਨੂੰ ਦੇਖ ਕੇ ਤਾਂ ਰੋਟੀਆਂ ਵੀ ਸੜਨ ਲੱਗੀਆਂ ਹਨ।''

**************

ਪ੍ਰੇਮੀ, ''ਕਿਸੇ ਨੇ ਸੱਚ ਕਿਹਾ ਹੈ ਕਿ ਚੋਰੀ ਕਰੋਗੇ ਤਾਂ ਜ਼ਿੰਦਗੀ ਭਰ ਪਛਤਾਓਗੇ।''

ਪ੍ਰੇਮਿਕਾ, ''ਸੱਚ ਹੀ ਤਾਂ ਹੈ, ਮੈਂ ਦੋ ਸਾਲ ਪਹਿਲਾਂ ਤੇਰਾ ਦਿਲ ਚੋਰੀ ਕੀਤਾ ਸੀ, ਹੁਣ ਪਛਤਾ ਰਹੀ ਹਾਂ।''

ਡਾਕੂ (ਔਰਤ ਨੂੰ)-ਸਾਰੇ ਗਹਿਣੇ ਕੱਢ ਦੇ ਚੁੱਪ ਕਰਕੇ...। ਔਰਤ-ਲੈ ਫੜ ਝੁਮਕੇ, ਲੈ ਫੜ ਕਾਂਟੇ, ਲੈ ਫੜ ਮੰਗਲ ਸੂਤਰ..., ਲੈ ਚੂੜੀ ਵੀ ਲੈ ਲਾ... ਚੈਨ ਵੀ ਲੈ ਲਾ... ਲੈ ਨੱਕ ਦਾ ਕੋਕਾ ਵੀ ਲੈ ਲਾ... ਸਭ ਕੁਝ ਲੈ ਲਾ ਤੇ ਸਾਰਾ ਕੁਝ ਪਾ ਕੇ ਕੁੜੀ ਬਣ ਜਾ ਕੰਜਰਾ...।

ਡਾਕੂ-ਭੈਣ ਜੀ, ਤੁਸੀਂ ਤਾਂ ਸੀਰੀਅਸ ਹੀ ਹੋ ਗਏ...।

**************

ਇਕ ਮੁਰਗੀ ਦਾ ਰਿਸ਼ਤਾ ਕਾਂ ਨਾਲ ਹੋ ਗਿਆ।

ਜਦੋਂ ਮੁਰਗੇ ਨੂੰ ਪਤਾ ਲੱਗਾ ਤਾਂ ਉਹ ਮੁਰਗੀ ਕੋਲ ਗਿਆ ਤੇ ਬੋਲਿਆ, 'ਮੇਰੇ ਵਿਚ ਕੀ ਕਮੀ ਆ? ਸੋਹਣਾ ਆਂ, ਕਾਵਾਂ ਨਾਲੋਂ ਜ਼ਿਆਦਾ ਖੂਬਸੂਰਤ ਆਂ, ਮੇਰੀ ਆਵਾਜ਼ ਪੂਰੇ ਸ਼ਹਿਰ 'ਚ ਗੂੰਜਦੀ ਆ, ਮੁਰਗਿਆਂ ਦੀ ਯੂਨੀਅਨ ਦਾ ਪ੍ਰਧਾਨ ਆਂ...।' ਮੁਰਗੀ-ਜੀ! ਮੈਂ ਤੁਹਾਡੇ ਜਜ਼ਬਾਤਾਂ ਦੀ ਕਦਰ ਕਰਦੀ ਆਂ। ਪਰ ਮੇਰੇ ਮਾਤਾ-ਪਿਤਾ ਦੀ ਖਾਹਿਸ਼ ਆ ਕਿ ਮੁੰਡਾ ਏਅਰ ਫੋਰਸ ਵਿਚ ਹੋਵੇ।

**************

ਦਿੱਲੀ ਪਾਰਲੀਮੈਂਟ ਦੇ ਕੋਲ ਇੱਕ ਕੰਧ ਨਾਲ ਇਕ 5 ਸਾਲ ਦੇ ਬੱਚੇ ਨੇ ਸਾਈਕਲ ਖੜ੍ਹਾ ਕਰ ਦਿੱਤਾ ਤਾਂ ਪੁਲਿਸ ਵਾਲਾ ਆਖਦੈ, "ਬੇਟਾ ਤੈਨੂੰ ਪਤਾ ਇੱਥੋਂ ਦੀ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਤੇ ਹੋਰ ਵੀ ਆਈ ਪੀ ਲੋਕ ਲੰਘਦੇ ਹਨ?"

ਬੱਚਾ ਭੋਲੇ ਮਨ ਨਾਲ ਬੋਲਿਆ "ਅੰਕਲ ਜੀ ਫਿਕਰ ਨਾ ਕਰੋ ਮੈਂ ਸਾਈਕਲ ਨੂੰ ਤਾਲਾ ਲਗਾ ਦਿੱਤਾ ਹੈ"

ਅਮਲੀ-ਡਾਕਟਰ ਸਾਹਿਬ, ਇਹ ਪਲਾਸਟਿਕ ਸਰਜਰੀ 'ਤੇ ਕਿੰਨੇ ਪੈਸੇ ਲਗਦੇ? ਡਾਕਟਰ-80 ਹਜ਼ਾਰ।

ਅਮਲੀ-ਡਾਕਟਰ ਸਾਹਿਬ, ਜੇ ਪਲਾਸਟਿਕ ਅਸੀਂ ਦੇ ਦਈਏ ਫਿਰ? ਡਾਕਟਰ-ਭਾਈ, ਪਲਾਸਟਿਕ ਮੈਨੂੰ ਦੇਣ ਦੀ ਕੀ ਲੋੜ ਆ? ਤੱਤੀ ਕਰਕੇ ਆਪੇ ਹੀ ਮੂੰਹ 'ਤੇ ਥੱਪ ਲਵੀਂ।

**************

ਪਤੀ (ਪਤਨੀ ਨੂੰ), ''ਇਹ ਕੀ, ਇਕ ਹੋਰ ਸੂਟ ਲੈ ਆਈ?..ਅਜੇ ਪਰਸੋਂ ਹੀ ਤਾਂ..।''

ਪਤਨੀ ਚੀਕ ਕੇ ਬੋਲੀ, ''ਕੀ ਕਿਹਾ..ਪਰਸੋਂ ਕੀ? ਬੋਲੋ ਕੀ ਕਿਹਾ ਤੁਸੀਂ..ਕੀ ਪਰਸੋਂ, ਪਰਸੋਂ ਕੀ.. ਬੋਲੋ।'' ਪਤੀ, ''ਕੁਝ ਨਹੀਂ, ਮੈਂ ਤਾਂ ਬਸ ਇਹੋ ਕਹਿ ਰਿਹਾ ਸੀ ਕਿ ਪਰਸੋਂ ਵੀ ਇਕ ਸੂਟ ਲਿਆਈ ਸੀ, ਅੱਜ ਦੋ ਲੈ ਆਉਂਦੀ।''

**************

ਵਸੀਮ ਰੋ ਰਿਹਾ ਸੀ।

ਪਾਪਾ, ''ਕਿਉਂ ਰੋ ਰਿਹਾ ਏਂ ਬੇਟਾ?''

ਵਸੀਮ, ''ਮੇਰੇ 100 ਰੁਪਏ ਗੁੰਮ ਹੋ ਗਏ।''

ਪਾਪਾ, ''ਕੋਈ ਗੱਲ ਨਹੀਂ, ਇਹ ਲੈ 100 ਰੁਪਏ। ਇਨ੍ਹਾਂ ਨੂੰ ਸੰਭਾਲ ਕੇ ਰੱਖ।'' ਵਸੀਮ ਹੋਰ ਜ਼ੋਰ ਨਾਲ ਰੋਣ ਲੱਗਾ। ਪਾਪਾ, ''ਕੀ ਹੋਇਆ?''

ਵਸੀਮ, ''ਪਹਿਲਾਂ ਪਤਾ ਹੁੰਦਾ ਤਾਂ 1000 ਰੁਪਏ ਕਹਿੰਦਾ।''

*********

ਇੱਕ ਵਾਰ ਕੁਮਾਰ ਮਾਈਕ੍ਰੋਸਾਫਟ ਕੰਪਨੀ ਵਿੱਚ ਇੰਟਰਵਿਊ ਦੇਣ ਗਿਆ।

ਇੰਟਰਵਿਊ ਲੈਣ ਵਾਲਾ, ''ਜਾਵਾ ਦੇ ਚਾਰ ਰੂਪ ਦੱਸੋ।''

ਕੁਮਾਰ, 'ਮਰ ਜਾਵਾਂ, ਮਿਟ ਜਾਵਾਂ, ਲੁਟ ਜਾਵਾਂ ਅਤੇ ਸਦਕੇ ਜਾਵਾਂ।''

ਇੰਟਰਵਿਊ ਲੈਣ ਵਾਲਾ, ''ਸਾਬਾਸ਼! ਏਥੋਂ ਸਿੱਧਾ ਘਰ ਜਾਵਾਂ ਕਹਿ ਕੇ ਵਾਪਸ ਤੁਰ ਪਓ।''

*********

ਮੱਛਰਾਂ ਤੋਂ ਤੰਗ ਆ ਕੇ ਪੰਮਾ ਦਵਾਈਆਂ ਦੀ ਦੁਕਾਨ ਉੱਤੇ ਗਿਆ।

ਕੈਮਿਸਟ, ''ਹਾਂ ਜੀ ਦੱਸੋ ਕੀ ਚਾਹੀਦਾ ਹੈ?''

ਪੰਮਾ, ''ਜ਼ਹਿਰ ਦੀ ਗੋਲੀ।''

ਕੈਮਿਸਟ, ''ਕਿਉਂ?''

ਪੰਮਾ, ''ਰਾਤ ਮੱਛਰ ਬਹੁਤ ਕੱਟਦੇ ਹਨ। ਖਾ ਕੇ ਸੌਂਵਾਗਾ। ਕੱਟਣਗੇ ਤਾਂ ਕੰਬਖਤ ਸਾਰੇ ਮਰ ਜਾਣਗੇ।''

*********


SINGH THIND & ASSOCIATES

#208, 7110 120 Street, Surrey, BC

"ਆਪਣੇ ਭਾਈਚਾਰੇ ਦਾ ਮਾਣ"


*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ

Civil Litigation
*Contract Disputes
*Construction Disputes
*Debt Collection
*Business Disputes
*Builders Lien

Divorce Cases

Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution

Immigration Law
*Immigration Appeals
*Overseas sponsorships of spouses, dependant children and parents
*Inland sponsorships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits




604.543.3886

SINGH THIND & ASSOCIATES
BARRISTERS & SOLICITORS

# ਨਵਾਂ ਦੌਰ ਪੁਰਾਣਾ ਦੌਰ

ਕਹਿੰਦੇ ਦੌਰ ਨਵਾ ਚਲ ਰਿਹਾ ਪੁਰਾਣਾ ਕੂੜਾ ਹੋ ਗਿਆ। ਪੁਰਾਣਾ ਜਮਾਨਾ ਬਦਲ ਗਿਆ ਅਸੀਂ ਹੁਣ ਨਵੇਂ ਵਿਚ ਆਂ।ਧਰਮ ਵੀ ਪੁਰਾਣੇ ਬੰਦੇ ਬੰਦੀਆਂ ਵੀ ਪੁਰਾਣੇ, ਮਾਂ ਪੇ ਵੀ ਪੁਰਾਣੇ, ਅੰਟੇ ਅੰਟੀਆਂ ਵੀ ਦੇਸੀ ਯਾਣੀ ਸਭ ਬੀਤ ਚੁਕੇ ਹੋਏ।

ਨਵੀਂ ਪੀਹੜੀ ਨੂੰ ਪੁਰਾਣੀ ਗੁਜਰ ਚੁਕੇ ਸਮੇ ਦੀ ਜਾਪਦੀ। ਨਵਾ ਦੌਰ ਪੁਰਾਣੇ ਨਾਲ ਟਕਰਾ ਵਿਚ ਐ। ਨਵਾ ਪੁਰਾਣੇ ਨੂੰ ਸੁਟ ਦੇਣਾ ਚਾਹੁੰਦਾ। ਨਵੇ ਦੌਰ ਨੂੰ ਜਾਪਦਾ ਪੁਰਾਣੇ ਨੂੰ ਅਕਲ ਹੀ ਕਿਥੇ ਸੀ। ਨਾ ਖਾਣਾ ਆਵੇ ਨਾ ਰਹਿਣਾ ਨਾ ਹਸਣ ਦਾ ਸਲੀਕਾ ਅਖੇ ਹਾਅ ਹਾਅ ਹਾਅ। ਰੋਂਦੇ ਵੀ ਸੰਘ ਪਾੜ ਪਾੜ। ਜਦ ਕਿ ਨਵਿਆਂ ਨੂੰ ਪਤਾ ਹੀ ਕਿਥੇ ਕਿ ਫੁਸ ਫੁਸ ਕਰਨਾ ਹਸਣਾ ਕਾਹਨੂੰ ਹੁੰਦਾ ਜੇ ਨਾਲ ਦੋਵਾਂ ਹਥਾਂ ਦੀ ਤਾੜੀ ਨਾ ਵਜੇ।

ਇਸ ਨਵੇ ਅਤੇ ਪੁਰਾਣੇ ਦੀ ਟੁੱਟ ਭੱਜ ਵਿੱਚ ਰਿਸ਼ਤੇ ਬਿਖਰ ਰਹੇ ਨੇ, ਦੂਰੀ ਵਧ ਰਹੀ ਐ। ਇਨੀ ਦੂਰੀ ਕਿ ਬੰਦਾ ਅਪਣੇ ਜੰਮਣ ਵਾਲਿਆਂ ਤੋਂ ਵੀ ਦੂਰ ਦੌੜ ਜਾਣਾ ਚਾਹੁੰਦਾ।

ਇਹ ਵਰਤਾਰਾ ਵੈਸਟ ਵਿਚਲੇ ਸਮਾਜ ਦੇ ਸਿਰ ਤੋਂ ਤਾਂ ਕਦ ਦਾ ਲੰਘ ਚੁਕਾ ਹੈ ਓਨਾ ਦਾ ਪੁਰਾਣਾ ਦੌਰ ਕੁਤਿਆਂ ਬਿਲਿਆਂ ਨਾਲ ਗਲਾਂ ਕਰਨਾ ਸਿਖ ਗਿਆ ਹੋਇਆ, ਓਹ ਨਿਆਣਿਆਂ ਦੇ ਮੂੰਹ ਚਟਣ ਦਾ ਲੁਤਫ ਕੁਤੇ ਨੂੰ ਮੂੰਹ ਚਟਾ ਕੇ ਲੈਣਾ ਸਿਖ ਗਏ ਹੋਏ ਨੇ।ਪਰ ਈਸਟ ਵਿਚ ਇਹ ਟਕਰਾ ਹਾਲੇ ਹੁਣ ਸ਼ੁਰੂ ਹੋਇਆ ਕਰਕੇ ਭੁਚਾਲ ਵਰਗੀ ਉਥਲ ਪੁਥਲ ਹੋ ਰਹੀ ਹੈ। ਗਲ ਚੇਤੇ ਆਈ। ਅਪਣੇ ਵਾਲੇ ਪੁਰਾਣੇ ਦੌਰ ਦੇ ਬੰਦੇ ਨੂੰ ਕੋਈ ਮਿਲਣ ਗਿਆ, ਹਾਲ ਚਾਲ ਤੋਂ ਬਾਅਦ ਨਿਆਣੇ ਕਿਥੇ ਪੁਛਿਆ ਤਾਂ ਬੰਦਾ ਪਾਲੇ ਹੋਏ ਕੁਤੇ ਵੰਨੀ ਇਸ਼ਾਰਾ ਕਰਕੇ ਕਹਿੰਦਾ ਮੁੰਡਾ ਮੇਰਾ ਆਹਾ ਬੈਠਾ ਕੁਤੇ ਦੋਵੇਂ ਬਾਹਰ ਘੁੰਮਣ ਗਏ ਵੇ ਨੇ ਯਾਣੀ ਮੁੰਡੇ।ਇਕ ਵਾਰੀ ਮੈਂ 'ਤੂੜੀ ਦੀ ਪੰਡ' ਨਾਂ ਦੀ ਕਹਾਣੀ ਲਿਖੀ ਸੀ। ਮੁੰਡਾ ਪੇਕਿਆਂ ਤੋਂ ਘਰਵਾਲੀ ਦੇ ਨਾਲ ਈ ਆਏ ਕੁਤੇ ਦੀ ਪਿਓ ਵਲੋਂ ਕੀਤੀ ਕੁੱਤੇਖਾਣੀ ਤੋਂ ਲੜਕੇ ਵਹੁਟੀ ਅਤੇ ਕੁਤੇ ਸਮੇਤ ਘਰ ਛਡ ਕੇ ਔਹ ਗਿਆ ਈ।

ਇਸ ਨਵੇ ਅਤੇ ਪੁਰਾਣੇ ਦੌਰ ਦੀ ਉਥਲ ਪੁਥਲ ਵਿਚ ਮਾਂਪਾ ਨਿਆਣੇ ਨੂੰ ਕੰਬਲੀ ਜਫਾ ਮਾਰੀ ਬੈਠਾ ਹੈ ਅਤੇ ਦਿਲ ਫੜਕੇ ਬੈਠ ਜਾਂਦਾ ਜਦ ਨਿਆਣਾ ਕਿਤੇ ਹੋਰ ਜਾ ਕੇ ਰਹਿਣ ਦੀ ਗਲ ਕਰਦਾ ਜਦ ਕਿ ਵੈਸਟ ਵਿਚਲਾ ਨਵਾ ਦੌਰ ਤਾਂ ਇਨਾ ਨਵਾਂ ਹੋ ਚੁਕਾ ਹੋਇਆ ਕਿ ਨਿਆਣੇ ਦਾ ਬਾਪ ਹੀ ਮਨਫੀ ਹੋ ਕੇ ਰਹਿ ਗਿਆ ਯਾਣੀ ਪਸ਼ੂਆਂ ਵਿਚਲੇ ਸੰਸਾਰ ਤਰਾਂ ਮਾਂ ਹੀ ਜੰਮਦੀ, ਪਾਲਦੀ ਅਤੇ ਵਡਾ ਕਰਦੀ ਪਰ ਝੁੰਡ ਵਿਚਲੇ ਬਾਪ ਦਾ ਪਤਾ ਹੀ ਨਹੀ ਕਿਹੜਾ। ਨਾ ਬਾਪ ਨੂੰ ਪ੍ਰਵਾਹ ਕਿ ਕਿਹੜੀ ਫਰੈਂਡੀ ਦੇ ਕਿੰਨੇ ਨਿਆਣੇ ਜੰਮ ਆਇਆ।ਪਰ ਈਸਟ ਵਿਚਲਾ ਦੌਰ ਹਾਲੇ ਤਕ ਪੰਛੀਆਂ ਵਾਲੀ ਜਿੰਦਗੀ ਵਿਚ ਹੈ ਜਿਥੇ ਮਾਂ ਦੇ ਨਾਲ ਬਾਪ ਦਾ ਵੀ ਅਹਿਮ ਰੋਲ ਹੈ ਯਾਣੀ ਜੋੜਾ। ਪਰ ਭਵਿਖ ਵਿਚਲੇ ਨਵੇ ਦੌਰ ਦੀ ਵੈਸਟ ਵੰਨੀ ਖਿਚ ਤੋਂ ਜਾਪਦਾ ਕਿ ਈਸਟ ਵੀ ਅਸਮਾਨ ਤੋਂ ਉਤਰ ਧਰਤੀ ਤੇ ਯਾਣੀ ਪੰਛੀਆਂ ਤੋਂ ਪਸ਼ੂ ਵੰਨੀ ਛੇਤੀ ਆ ਜਾਏਗਾ। ਆ ਕੀ ਕਰੀਬਨ ਆ ਹੀ ਗਿਆ ਹੈ ਜਿਥੇ ਈਸਟ ਦੇ ਵੀ ਅਧੇ ਨਿਆਣੇ ਅੱਧੀ ਅੱਧੀ ਉਮਰ ਲੰਘਾ ਕੇ ਛੜੇ ਹੀ ਤੁਰੇ ਫਿਰਦੇ ਅਤੇ ਇਸ ਨਵੇ ਦੌਰ ਦੇ ਚਾਅ ਵਿਚ ਜਿੱਥੇ ਦਿਲ ਕਰਦਾ ਪੰਡ ਖੋਹਲ ਬੈਠਦੇ ਅਤੇ ਜਿੰਦਗੀ ਦਾ ਡਸਿਪਲਨ ਬੇਮਾਹਨਾ ਹੋ ਕੇ ਰਹਿ ਗਿਆ ਹੈ। ਕਾਮ ਦੀਆਂ ਖੁੱਲੀਆਂ ਖੇਡਾਂ ਨੂੰ ਅਗਾਂਹ ਵਧੂ ਹੋਣ ਦਾ ਨਾਂ ਦੇ ਦਿੱਤਾ ਹੋਇਆ ਨਵੇ ਦੌਰ ਨੇ।ਇਸ ਨਵੇਂ ਦੌਰ ਦੇ ਵਿਚ ਬੰਦਾ ਮਾਨਸਿਕ ਤੌਰ ਤੇ ਬਿਮਾਰ ਹੋ ਗਿਆ ਹੈ ਜਿਥੇ ਕਾਮ ਦੀ ਮਿਰਗ ਤ੍ਰਿਸ਼ਨਾ ਵਾਲੇ ਰੇਗਸਤਾਨ ਵਿਚ ਭਟਕ ਭਟਕ ਕੇ ਦਮ ਤੋੜ ਰਿਹਾ ਹੈ ਅਤੇ ਏਡਜ਼ ਵਰਗੇ ਭਿਆਨਕ ਦੈਂਤ ਨੂੰ ਵਧਣ ਲਈ ਖੁਰਾਕ ਮੁਹੱਈਆ ਕਰਨ ਵੰਨੀ ਤੌਰ ਪਿਆ ਹੋਇਆ।

ਨਵੇ ਦੌਰ ਦੀ ਦਿਸਦੀ ਚਕਾਚੌਂਧ ਓਸ ਸਿੰਮਲ ਰੁਖ ਵਰਗੀ ਹੈ ਜਿਹੜਾ ਦਿਸਦਾ ਤਾਂ ਉਚਾ ਲੰਮਾ ਸੋਹਣਾ ਪਰ ਗੁਣਾ ਤੋਂ ਸਖਣਾ। ਇਸ ਦੌਰ ਵਿਚ ਬੰਦਾ ਇਨਾ 'ਸੈਲਫਿਸ਼' ਕਿ ਮਾਂਪੇ ਦਾ ਕੋਈ ਕੰਮ ਕਰਨ ਦੇ ਵੀ ਪੈਸੇ ਮੰਗ ਲੈਂਦਾ ਹੈ ਇਥੇ ਤਕ ਕਿ ਚੰਗੀ ਸਲਾਹ ਦੇਣ ਦੇ ਵੀ।

ਨਵੇ ਦੌਰ ਨੂੰ ਬੇਸ਼ਕ ਜਾਪਦਾ ਹੋਵੇ ਕਿ ਉਸ ਦੇ ਜੁਗ ਨੇ ਤਰੱਕੀ ਦੀਆਂ ਬੁਲੰਦੀਆਂ ਛੂਹ ਲਈਆਂ ਨੇ ਪਰ ਉਸ ਨੂੰ ਪਤਾ ਹੀ ਨਹੀ ਲਗਾ ਕਿ ਓਹ ਪੁਰਾਣੇ ਦੌਰ ਦੀ ਅਜਾਦੀ ਦੀ ਵੀ ਕੁਰਬਾਨੀ ਦੇ ਚੁਕਾ ਹੋਇਆ ਜਿਥੇ ਵਟ ਤੇ ਬੈਠ ਗੰਡਾ ਭੰਨ ਕੇ ਰੋਟੀ ਖਾ ਲੈਣ ਵਾਲਾ ਕਿਸਾਨ ਖੁਦ ਉਪਰ ਹੀ ਨਿਰਭਰ ਸੀ ਨਾ ਕਿ ਕਿਸੇ ਦੀ ਪੈਕਟਾਂ ਵਿਚ ਬੰਦ ਕਰਕੇ ਮਰਜੀ ਨਾਲ ਭੇਜੀ ਚੀਜ ਉਪਰ। ਓਹ ਵਡੀ ਤੋਂ ਵਡੀ ਮੁਸੀਬਤ ਰਬੀ ਹੁਕਮ ਕਹਿ ਝਲ ਜਾਂਦਾ ਸੀ ਜਦ ਕਿ ਨਵਾ ਦੌਰ ਫੋਨ ਗੁਆਚੇ ਤੇ ਹੀ ਅਧਾ ਪਾਗਲ ਹੋ ਜਾਂਦਾ।

ਪੁਰਾਣੇ ਦੌਰ ਦੀ ਵਫਾਦਾਰ ਔਰਤ ਬੰਦੇ ਦੇ ਨਾਲ ਮਰਨ ਤਕ ਜਾਂਦੀ ਸੀ ਜਦ ਕਿ ਨਵੇ ਦੌਰ ਵਾਲਿਆਂ ਅਕਾਊਂਟ ਦੀਆਂ ਦੋ ਸਿਫਰਾਂ ਘਟਣ ਤੇ ਵੀ ਛਡ ਕੇ ਔਹ ਜਾਂਦੀ। ਅਜ ਪਿਓ ਡੋਲੀ ਤੋਰ ਕੇ ਹਟਦਾ ਅਤੇ ਹਾਲੇ ਹਲਵਾਈਆਂ ਦਾ ਹਿਸਾਬ ਨਹੀ ਨਿਬੜਿਆ ਹੁੰਦਾ ਕਿ ਕੁੜੀ ਝੋਲਾ ਚੁਕ ਘਰੇ।ਨਵੇ ਦੌਰ ਨੇ ਤਰੱਕੀ ਇਨੇ ਮਹਿੰਗੇ ਭਾਅ ਲਈ ਹੈ ਕਿ ਇਸ ਤੋਂ ਵੀ ਅਗਲਾ ਦੌਰ ਸ਼ਾਇਦ ਇਸ ਧਰਤੀ ਤੇ ਜੰਮਣਾ ਹੀ ਨਹੀ ਚਾਹੇਗਾ ਜਿਥੇ ਚਾਰ ਮਿੰਟ ਬਿਜਲੀ ਜਾਂ ਨੈੱਟ ਗਏ ਤੇ ਵੀ ਬੰਦੇ ਦਾ ਮਰਨ ਹੋ ਜਾਂਦਾ ਹੈ।ਨਵੇ ਦੌਰ ਨੂੰ ਨਵਾ ਦੌਰ ਮੁਬਾਰਕ ਪਰ ਪੁਰਾਣਿਓਂ ਇਨਾ ਨਵਿਆਂ ਮਗਰ ਲਗ ਤੁਸੀਂ ਨਾ ਆਵਦੀਆਂ ਮਾਈਆਂ ਦੇ ਵਾਲ ਗਲ ਵਿਚ ਪਾ ਬੈਠਿਓ ਹੈ ਨੀ ਪਲੇ ਕੱਖ ਇਨਾ ਦੇ ਸਿਵਾਏ ਚਮਕ ਦਮਕ ਦੇ। ਕਿ ਹੈ?

**-ਗੁਰਦੇਵ ਸਿੰਘ ਸੱਧੇਵਾਲੀਆ**

# ਦੋ ਮੂਰਖਾਂ ਦੀ ਕਹਾਣੀ

'ਅਕਲ ਬਿਨਾਂ ਖੂਹ ਖਾਲੀ' ਕਹਿਣ ਅਤੇ 'ਚੰਦ ਚਾੜ੍ਹਨ' ਵਾਲ਼ੇ !'

ਹਰੇਕ ਅਖਾਣ ਅਤੇ ਮੁਹਾਵਰੇ ਪਿੱਛੇ ਕੋਈ ਨਾ ਕੋਈ ਕਹਾਣੀ ਜਰੂਰ ਹੁੰਦੀ ਹੈ।ਇੱਥੇ ਇੱਕ ਅਖਾਣ ਤੇ ਇੱਕ ਮੁਹਾਵਰੇ ਪਿਛਲੇ ਦੋ ਕਿੱਸੇ ਬਿਆਨ ਕਰ ਰਿਹਾ ਹਾਂ।

ਕਹਿੰਦੇ ਸਾਧਾਂ ਦੇ ਚਲਦੇ-ਵਹੀਰ ਨੇ ਸ਼ਾਮ ਪਈ ਤੋਂ ਇੱਕ ਥਾਂਹ ਟਿਕਾਣਾ ਕੀਤਾ।ਮੰਡਲੀ ਦੇ ਮੁਖੀਏ ਨੇ ਇੱਕ ਜਣੇ ਨੂੰ ਭੇਜਿਆ ਕਿ ਜਾਹ ਖੂਹ ਤੋਂ ਪਾਣੀ ਦਾ ਡੋਲ ਭਰ ਲਿਆ।ਚੇਲੇ ਨੇ ਲੱਜ ਡੋਲ ਚੱਕੇ ਤੇ ਤੁਰ ਪਿਆ ਖੂਹ ਵੱਲ੍ਹ!

ਕੁੱਝ ਚਿਰ ਬਾਅਦ ਉਹ ਖਾਲੀ ਮੁੜ ਆਇਆ... ਕਹਿੰਦਾ ਖੂਹ 'ਚ ਤਾਂ ਪਾਣੀ ਹੈ ਨੀ।

ਮੁਖੀਏ ਨੇ ਉਹਨੂੰ ਵੀ ਨਾਲ ਤੋਰ ਲਿਆ ਤੇ ਦੋ ਚਾਰ ਜਣੇ ਹੋਰ ਨਾਲ ਲੈ ਲਏ।ਜਾ ਪਹੁੰਚੇ ਖੂਹ ਉੱਤੇ।ਮੁਖੀਏ ਨੇ ਖੂਹ 'ਚ ਨੂੰ ਝਾਕਿਆ ਤੇ ਉਹ ਤਾੜ ਗਿਆ ! ਉਸਨੇ ਆਪਣੀ ਪੱਗ ਖੋਲ੍ਹੀ ਤੇ ਉਹਨੂੰ ਰੱਸੇ ਵਾਂਗ ਵਟਾ ਦੇ ਕੇ ਲੱਜ ਨਾਲ ਬੰਨ੍ਹ ਲਿਆ! ਜਦ ਡੋਲ ਖੂਹ 'ਚ ਫਰ੍ਹਾ ਕੇ ਉੱਪਰ ਖਿੱਚਿਆ ਤਾਂ ਉਹ ਠੰਢੇ ਠਾਰ ਪਾਣੀ ਨਾਲ਼ ਭਰਿਆ ਪਿਆ !

'ਸੁੱਕਾ ਖੂਹ' ਦੱਸਣ ਵਾਲ਼ੇ ਚੇਲੇ ਨੂੰ ਭਰਿਆ ਡੋਲ ਦਿਖਾ ਕੇ ਮੁਖੀਆ ਬਾਬਾ ਕਹਿੰਦਾ-'ਦੇਖਿਆ ਬੱਚੂ,ਅਕਲ ਬਿਨਾਂ ਖੂਹ ਖਾਲੀ ਹੁੰਦੇ ਆ !!

ਏਦਾਂ ਦਾ ਹੀ ਕਿੱਸਾ ਹੈ 'ਚੰਦ ਚਾੜ੍ਹਨ' ਵਾਲੇ ਦਾ-

ਉਕਤ ਸਾਧ-ਮੰਡਲੀ ਵਰਗੇ ਟੋਲੇ 'ਚੋਂ ਕੋਈ ਚੇਲਾ-ਬਾਲਕਾ ਰਾਤ ਪਈ 'ਤੇ ਖੂਹ ਤੋਂ ਪਾਣੀ ਲੈਣ ਗਿਆ।ਸਹਿਵਨ ਹੀ ਉਸਨੇ ਖੂਹ 'ਚ ਨੂੰ ਨਜਰ ਮਾਰੀ ਤਾਂ ਪਾਣੀ ਵਿੱਚ ਉਸ ਨੂੰ ਚੰਦ ਦਾ ਪ੍ਰਛਾਵਾਂ ਦਿਸਿਆ। ਉਹ ਸੋਚਣ ਲੱਗਾ-'ਓ ਹੋ! ਚੰਦ ਤਾਂ ਖੂਹ ਵਿੱਚ ਡਿਗ ਗਿਆ ਐ ਬਈ !! ....ਪਾਣੀ ਤਾਂ ਮਗਰੋਂ ਕੱਢੂੰ, ਪਹਿਲਾਂ ਖੂਹ 'ਚੋਂ ਚੰਦ ਕੱਢਣਾ ਚਾਹੀਦਾ !'

ਲਓ ਜੀ,ਉਸਨੇ ਲੱਜ ਨਾਲ਼ੋਂ ਡੋਲ ਤਾਂ ਖੋਲ੍ਹ ਕੇ ਪਰੇ ਰੱਖ ਦਿੱਤਾ...... ਤੇ ਚੁੱਪ ਚੁਪੀਤਾ ਆਪਣੇ ਟਿਕਾਣੇ ਤੋਂ ਉਹ ਜਿੰਦਾ ਲੈ ਆਇਆ ਜਿਹਦੇ ਨਾਲ ਖੂਹ 'ਚ ਡਿੱਗੇ ਹੋਏ ਡੋਲ-ਬਾਲਟੀਆਂ ਕੱਢੇ ਜਾਂਦੇ ਨੇ। ਲੱਜ ਨਾਲ ਜਿੰਦਾ ਬੰਨ੍ਹਕੇ ਖੂਹ 'ਚ ਫਰ੍ਹਾਇਆ।ਪੁਰਾਣਾ ਖੂਹ ਹੋਣ ਕਰਕੇ ਜਿੰਦੇ ਦਾ ਕੁੰਡਾ ਕਿਤੇ ਟੁੱਟੀ ਇੱਟ 'ਚ ਫੱਸ ਗਿਆ। ਉਹ ਹੋ ਗਿਆ ਖੁਸ਼ ! ਕਿ ਚੰਦ ਫੱਸ ਗਿਆ ਐ ਜਿੰਦੇ ਵਿੱਚ !!

ਲੱਗ ਪਿਆ 'ਤਾਂਹ ਨੂੰ ਖਿੱਚਣ....! ਪਰ ਕੁੰਡਾ ਨਿੱਕਲ਼ੇ ਨਾ !! ਖੂਹ 'ਚੋਂ ਚੰਦ ਕੱਢਣ ਦੇ ਜੋਸ਼ ਵਿੱਚ ਉਸਨੇ ਪੂਰਾ ਤਾਣ ਲਾ ਕੇ ਧੜੱਕਾ ਜਿਹਾ ਮਾਰਿਆ ! ਇੱਟ 'ਚ ਫਸਿਆ ਹੋਇਆ ਕੁੰਡਾ ਤਾਂ ਨਿਕਲ਼ ਗਿਆ ਪਰ ਉਹ ਧੜੰਮ ਕਰਦਾ ਪਿੱਛੇ ਨੂੰ ਡਿੱਗ ਪਿਆ ! ਏਨੇ ਨੂੰ ਉਹਦੇ ਨਾਲ ਦੇ ਸਾਧ ਖੂਹ 'ਤੇ ਆ ਗਏ ! ਉਨ੍ਹਾਂ ਭੱਜ ਕੇ ਡਿੱਗੇ ਪਏ ਨੂੰ ਚੁੱਕਿਆ ਤੇ ਪੁੱਛਿਆ ਕਿ ਸੱਟ ਤਾਂ ਨ੍ਹੀ ਲੱਗੀ ?

ਟੋਟਰ ਮਲ਼ਦਾ ਹੋਇਆ ਉਹ ਆਕਾਸ਼ ਵੱਲ੍ਹ ਦੇਖ ਕੇ ਬੋਲਿਆ-

'ਸੱਟ ਦਾ ਤਾਂ ਸੁੱਖ ਐ..... ਚੰਦ ਤਾਂ ਚਾੜ੍ਹ ਹੀ ਦਿੱਤਾ ਐ ਮੈਂ !!'






# ਜੰਮੂ-ਕਸ਼ਮੀਰ:'ਹਰ ਘਰ ਤਿਰੰਗਾ' ਮੁਹਿੰਮ ਲਈ ਵਿਦਿਆਰਥੀਆਂ ਅਤੇ ਦੁਕਾਨਦਾਰਾਂ ਤੋਂ ਫੰਡ ਇਕੱਠਾ ਕਰਨ ਨੂੰ ਲੈ ਕੇ ਵਿਵਾਦ

ਜੰਮੂ-ਕਸ਼ਮੀਰ-ਬਡਗਾਮ ਜ਼ਿਲੇ ਦੇ ਚਦੂਰਾ 'ਚ ਸਿੱਖਿਆ ਵਿਭਾਗ ਵੱਲੋਂ ਜਾਰੀ ਸਰਕੂਲਰ 'ਚ ਹਰ ਘਰ ਤਿਰੰਗਾ ਮੁਹਿੰਮ ਲਈ ਵਿਦਿਆਰਥੀਆਂ ਤੋਂ 20 ਰੁਪਏ ਮੰਗਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸੇ ਤਰ੍ਹਾਂ ਅਨੰਤਨਾਗ ਜ਼ਿਲ੍ਹੇ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਤੋਂ ਇਲਾਵਾ ਦੁਕਾਨਦਾਰਾਂ ਨੂੰ ਕਥਿਤ ਤੌਰ 'ਤੇ 20 ਰੁਪਏ ਫੀਸ ਦੇਣ ਲਈ ਕਿਹਾ ਗਿਆ। ਪੀਡੀਪੀ ਮੁਖੀ ਮਹਿਬੂਬਾ ਮੁਫ਼ਤੀ ਨੇ ਕਿਹਾ ਕਿ ਦੇਸ਼ ਭਗਤੀ ਆਪਣੇ ਆਪ ਆ ਜਾਂਦੀ ਹੈ ਅਤੇ ਇਸ ਨੂੰ ਥੋਪਿਆ ਨਹੀਂ ਜਾ ਸਕਦਾ। ਸਿੱਖਿਆ ਵਿਭਾਗ ਵਲੋਂ ਜਾਰੀ ਕੀਤੇ ਗਏ ਇਕ ਸਰਕੂਲਰ 'ਤੇ 'ਹਰ ਘਰ ਤਿਰੰਗਾ' ਮੁਹਿੰਮ ਲਈ ਵਿਦਿਆਰਥੀਆਂ ਤੋਂ 20 ਰੁਪਏ ਮੰਗਣ 'ਤੇ ਵਿਵਾਦ ਖੜ੍ਹਾ ਹੋ ਗਿਆ ਹੈ।

ਸੁਤੰਤਰਤਾ ਦਿਵਸ ਲਈ ਦੇਸ਼ ਵਿਆਪੀ ਪ੍ਰੋਗਰਾਮ ਦੇ ਹਿੱਸੇ ਵਜੋਂ, ਅਨੰਤਨਾਗ ਵਿੱਚ ਦੁਕਾਨਦਾਰਾਂ ਨੂੰ ਤਿਰੰਗੇ ਜਾਂ ਕਾਰਵਾਈ ਦਾ ਸਾਹਮਣਾ ਕਰਨ ਲਈ 20 ਰੁਪਏ ਜਮ੍ਹਾਂ ਰਕਮ ਵਜੋਂ ਅਦਾ ਕਰਨ ਲਈ ਕਿਹਾ ਗਿਆ ਸੀ। ਬਡਗਾਮ ਜ਼ਿਲ੍ਹੇ ਦੇ ਚਦੂਰਾ ਜ਼ੋਨਲ ਐਜੂਕੇਸ਼ਨ ਅਫ਼ਸਰ ਵੱਲੋਂ 16 ਜੁਲਾਈ ਨੂੰ ਇਲਾਕੇ ਦੇ ਸਾਰੇ ਸਕੂਲਾਂ ਨੂੰ ਇੱਕ ਸਰਕੂਲਰ ਜਾਰੀ ਕੀਤਾ ਗਿਆ ਸੀ, ਜਿਸ ਵਿੱਚ ਇਨ੍ਹਾਂ ਸੰਸਥਾਵਾਂ ਦੇ ਮੁਖੀਆਂ ਨੂੰ ਆਜ਼ਾਦੀ ਕਾ ਅੰਮ੍ਰਿਤ ਮਹੋਤਸਵ ਤਹਿਤ ਸ਼ੁਰੂ ਕੀਤੀ ਗਈ ਮੁਹਿੰਮ ਵਿੱਚ ਹਿੱਸਾ ਲੈਣ ਲਈ ਕਿਹਾ ਗਿਆ ਸੀ।

ਵਿਦਿਆਰਥੀ ਅਤੇ ਸਟਾਫ਼ ਮੈਂਬਰ ਤੋਂ ਪੈਸੇ ਇਕੱਠੇ ਕਰਨ ਦੀ ਹਦਾਇਤ ਕੀਤੀ ਗਈ ਸੀ। "ਮੁੱਖ ਸਿੱਖਿਆ ਅਧਿਕਾਰੀ ਬਡਗਾਮ ਦੇ ਨਿਰਦੇਸ਼ਾਂ ਅਨੁਸਾਰ, ਖੇਤਰ ਦੇ ਸਾਰੇ ਅਦਾਰਿਆਂ ਦੇ ਮੁਖੀਆਂ ਨੂੰ ਸਕੂਲ ਦੇ ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਤੋਂ ਪ੍ਰਤੀ ਵਿਅਕਤੀ 20 ਰੁਪਏ ਇਕੱਠੇ ਕਰਨ ਲਈ ਕਿਹਾ ਗਿਆ। ਪੀਪਲਜ਼ ਡੈਮੋਕ੍ਰੇਟਿਕ ਪਾਰਟੀ (ਪੀਡੀਪੀ) ਦੇ ਨੇਤਾ ਅਤੇ ਚਰਾਰ-ਏ-ਸ਼ਰੀਫ ਦੇ ਸਾਬਕਾ ਵਿਧਾਇਕ ਗੁਲਾਮ ਨਬੀ ਲੋਨ ਹੰਜੂਰਾ ਨੇ ਸੋਸ਼ਲ ਮੀਡੀਆ 'ਤੇ ਸਰਕੂਲਰ ਦੀ ਕਾਪੀ ਪੋਸਟ ਕੀਤੀ ਅਤੇ ਪ੍ਰਸ਼ਾਸਨ 'ਤੇ ਸਵਾਲ ਚੁੱਕੇ। ਹੰਜੂਰਾ ਨੇ ਟਵੀਟ ਕੀਤਾ, "ਇੱਕ ਆਦੇਸ਼ ਤੋਂ ਦੁਖੀ ਹਾਂ ਜੋ ਡਿਵੀਜ਼ਨਲ ਕਮਿਸ਼ਨਰ ਦੇ ਬਿਆਨ ਦੇ ਉਲਟ ਹੈ ਕਿ 'ਹਰ ਘਰ ਤਿਰੰਗਾ' ਪੂਰੀ ਤਰ੍ਹਾਂ ਇੱਕ ਸਵੈ-ਇੱਛੁਕ ਅੰਦੋਲਨ ਹੈ ਅਤੇ ਇਸ ਵਿੱਚ ਕੋਈ ਮਜਬੂਰੀ ਨਹੀਂ ਹੈ। ਪ੍ਰਸ਼ਾਸਨ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਰਾਸ਼ਟਰਵਾਦ ਕੁਦਰਤੀ ਤੌਰ 'ਤੇ ਆਉਂਦਾ ਹੈ ਅਤੇ ਬੰਦੂਕ ਨਾਲ ਥੋਪਿਆ ਨਹੀਂ ਜਾ ਸਕਦਾ।

# ਕਈ ਵਾਰ ਲਗਦੈ ਰਾਜਨੀਤੀ ਛੱਡ ਦੇਵਾਂ:ਗਡਕਰੀ

ਮੁੰਬਈ: ਕੇਂਦਰੀ ਮੰਤਰੀ ਨਿਤਿਨ ਗਡਕਰੀ ਆਪਣੇ ਬਿਆਨਾਂ ਨੂੰ ਲੈ ਕੇ ਅਕਸਰ ਅਖ਼ਬਾਰਾਂ ਦੀਆਂ ਸੁਰਖੀਆਂ 'ਚ ਬਣੇ ਰਹਿੰਦੇ ਹਨ। ਇਸ ਦਾ ਕਾਰਨ ਉਹ ਆਪਣੀ ਰਾਏ ਹਮੇਸ਼ਾ ਖੁੱਲ੍ਹ ਕੇ ਰੱਖਦੇ ਹਨ। ਗਡਕਰੀ ਮਹਾਰਾਸ਼ਟਰ ਦੇ ਨਾਗਪੁਰ 'ਚ ਇੱਕ ਪ੍ਰੋਗਰਾਮ ਵਿੱਚ ਸ਼ਾਮਲ ਹੋਏ। ਜਿੱਥੇ ਉਨ੍ਹਾ ਇਸ ਪ੍ਰੋਗਰਾਮ ਦੌਰਾਨ ਰਾਜਨੀਤੀ ਨੂੰ ਲੈ ਕੇ ਆਪਣੇ ਨਿੱਜੀ ਵਿਚਾਰ ਲੋਕਾਂ ਨਾਲ ਸਾਂਝੇ ਕੀਤੇ। ਇਸ ਦੌਰਾਨ ਕੇਂਦਰੀ ਮੰਤਰੀ ਨੇ ਰਾਜਨੀਤੀ ਦੇ ਉਦੇਸ਼ 'ਤੇ ਵੀ ਆਪਣੇ ਵਿਚਾਰ ਰੱਖੇ। ਉਨ੍ਹਾਂ ਲੋਕਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ, 'ਕਈ ਵਾਰ ਮੈਨੂੰ ਲੱਗਦਾ ਹੈ ਕਿ ਮੈਂ ਰਾਜਨੀਤੀ ਕਦੋਂ ਛੱਡਾਂਗਾ, ਕਿਉਂਕਿ ਜੀਵਨ 'ਚ ਰਾਜਨੀਤੀ ਤੋਂ ਇਲਾਵਾ ਹੋਰ ਵੀ ਕਈ ਕੰਮ ਹਨ, ਜੋ ਕਰਨ ਲਾਇਕ ਹਨ।' ਗਡਕਰੀ ਨੇ ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਕਿਹਾ, 'ਸਾਨੂੰ ਇਸ ਗੱਲ ਨੂੰ ਸਮਝਣਾ ਚਾਹੀਦਾ ਕਿ ਇਹ ਰਾਜਨੀਤੀ ਕੀ ਹੈ?

# ਸ਼ਾਰਪ ਸ਼ੂਟਰ ਦੀਪਕ ਮੁੰਡੀ ਪੰਜਾਬ ਪੁਲਿਸ ਵੱਲੋਂ ਗ੍ਰਿਫਤਾਰ



ਅਟਾਰੀ:ਸਿੱਧੂ ਮੂਸੇਵਾਲਾ ਕਤਲ ਕਾਂਡ ਦੇ ਇੱਕ ਹੋਰ ਮੁੱਖ ਮੁਲਜ਼ਮ ਸ਼ਾਰਪ ਸ਼ੂਟਰ ਦੀਪਕ ਮੁੰਡੀ ਨੂੰ ਪੰਜਾਬ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ।

ਦੱਸਿਆ ਜਾ ਰਿਹਾ ਹੈ ਕਿ ਦੋਵਾਂ ਨੇ ਸਾਂਝੇ ਆਪ੍ਰੇਸ਼ਨ 'ਚ ਮੁੰਡੀ ਨੂੰ ਫੜਨ 'ਚ ਸਫਲਤਾ ਹਾਸਲ ਕੀਤੀ ਹੈ, ਪਰ ਸੀਨੀਅਰ ਅਧਿਕਾਰੀ ਇਸ ਬਾਰੇ ਅਜੇ ਕੁਝ ਵੀ ਕਹਿਣ ਨੂੰ ਤਿਆਰ ਨਹੀਂ ਹਨ।

ਦੀਪਕ ਮੁੰਡੀ ਬੋਲੇਰੋ ਮਾਡਿਊਲ ਦਾ ਹਿੱਸਾ ਸੀ, ਜਿਸ ਦੀ ਅਗਵਾਈ ਹਰਿਆਣਾ ਦੇ ਸ਼ਾਰਪ ਸ਼ੂਟਰ ਪ੍ਰਿਆਵਰਤ ਫੌਜੀ ਕਰ ਰਹੇ ਸਨ। ਅੰਕਿਤ ਸੇਰਸਾ ਅਤੇ ਕਸ਼ਿਸ਼ ਵੀ ਉਨ੍ਹਾਂ ਦੇ ਨਾਲ ਸਨ। ਮੂਸੇਵਾਲਾ ਦੇ ਕਤਲ ਤੋਂ ਬਾਅਦ ਇਹ ਚਾਰੇ ਗੁਜਰਾਤ ਭੱਜ ਗਏ ਸਨ।

# ਪੰਜਾਬ ਦੇ ਐਡਵੋਕੇਟ ਜਨਰਲ ਅਨਮੋਲ ਰਤਨ ਸਿੰਘ ਸਿੱਧੂ ਵੱਲੋਂ ਅਸਤੀਫ਼ਾ

ਚੰਡੀਗੜ੍ਹ- ਪੰਜਾਬ ਦੇ ਐਡਵੋਕੇਟ ਜਨਰਲ ਅਨਮੋਲ ਰਤਨ ਸਿੰਘ ਸਿੱਧੂ ਨੇ ਅਸਤੀਫ਼ਾ ਦਿੱਤਾ। ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਸੀਨੀਅਰ ਵਕੀਲ ਅਨਮੋਲ ਰਤਨ ਸਿੰਘ ਸਿੱਧੂ ਨੂੰ ਐਡਵੋਕੇਟ ਜਨਰਲ ਨਿਯੁਕਤ ਕੀਤਾ ਗਿਆ ਸੀ ਪਰ ਉਨ੍ਹਾਂ ਨੇ ਅੱਜ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਵਲੋਂ ਅਸਤੀਫ਼ਾ ਦੇਣ ਦਾ ਕਾਰਨ ਨਿੱਜੀ ਦੱਸਿਆ ਜਾ ਰਿਹਾ ਹੈ।

ਐਡਵੋਕੇਟ ਜਨਰਲ ਅਨਮੋਲ ਰਤਨ ਸਿੱਧੂ ਨੇ 19 ਜੁਲਾਈ ਨੂੰ ਅਸਤੀਫਾ ਪੰਜਾਬ ਸਰਕਾਰ ਨੂੰ ਭੇਜ ਦਿੱਤਾ ਸੀ, ਜਦੋਂਕਿ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਲਗਾਤਾਰ ਮਨਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ।


So Easy

ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- **ਆਟੋਮੈਟਿਕ** ਹਾਈਵੇ ਟਰੱਕ-ਨੋ ਗੇਅਰ ਨੋ ਕਲੱਚ
- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ








**LUCKY'S A to Z DRIVING SCHOOL**

Lucky **604-614-5365**

Unit 15 - 8388 128 St., Surrey

Open 24 Hours 7 Days a Week

ATLAS
ANIMAL HOSPITAL





- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

**Dr. H. Bhullar**
& Associates

**Tel: 604-301-0300**

5696 Fraser St, Vancouver, BC, V5W 2Z4    www.atlasvetsinvancouver.com

# ਸਿੱਖਾਂ ਤੇ ਹਿੰਦੂਆਂ ਨੂੰ ਤਾਲਿਬਾਨ ਵੱਲੋਂ ਦੇਸ਼ ਪਰਤਣ ਦੀ ਅਪੀਲ

ਕਾਬੁਲ:ਅਫਗਾਨਿਸਤਾਨ ਵਿਚ ਅਸਥਿਰਤਾ ਦੇ ਵਿਚਾਲੇ ਤਾਲਿਬਾਨ ਨੇ ਪਹਿਲੀ ਵਾਰ ਗੈਰ ਮੁਸਲਿਮਾਂ ਨੂੰ ਲੈ ਕੇ ਵੱਡਾ ਵਾਅਦਾ ਕੀਤਾ ਹੈ। ਉਨ੍ਹਾਂ ਨੇ ਹਿੰਦੂਆਂ ਅਤੇ ਸਿੱਖਾਂ ਨੂੰ ਅਫਗਾਨਿਸਤਾਨ ਪਰਤਣ ਦੀ ਅਪੀਲ ਕੀਤੀ ਹੈ।ਤਾਲਿਬਾਨ ਨੇ ਦਾਅਵਾ ਕੀਤਾ ਕਿ ਅਫਗਾਨਿਸਤਾਨ ਵਿਚ ਸੁਰੱਖਿਆ ਸਥਿਤੀ ਨੂੰ ਸੁਲਝਾ ਲਿਆ ਗਿਆ ਹੈ। ਉਸ ਨੇ ਹਿੰਦੂਆਂ ਅਤੇ ਸਿੱਖਾਂ ਨੂੰ ਦੇਸ਼ ਵਾਪਸ ਪਰਤਣ ਦੀ ਅਪੀਲ ਕੀਤੀ।ਤਾਲਿਬਾਨ ਸ਼ਾਸਨ ਦੇ ਰਾਜ ਮੰਤਰੀ ਦੇ ਦਫ਼ਤਰ ਦੇ ਡਾਇਰੈਕਟਰ ਜਨਰਲ ਡਾ. ਮੁੱਲਾ ਅਬਦੁਲ ਵਸੀ ਨੇ 24 ਜੁਲਾਈ ਨੂੰ ਅਫਗਾਨਿਸਤਾਨ ਦੇ ਹਿੰਦੂ ਅਤੇ ਸਿੱਖ ਕੌਂਸਲ ਦੇ ਕਈ ਮੈਂਬਰਾਂ ਦੇ ਨਾਲ ਮੁਲਾਕਾਤ ਤੋਂ ਬਾਅਦ ਇਹ ਬਿਆਨ ਦਿੱਤਾ।ਅਫਗਾਨਿਸਤਾਨ ਦੇ ਚੀਫ਼ ਆਫ ਸਟਾਫ ਦੇ ਦਫ਼ਤਰ ਨੇ ਟਵੀਟ ਕਰਕੇ ਇਸ ਦੀ ਜਾਣਕਾਰੀ ਦਿੱਤੀ ਹੈ। ਵਸੀ ਨੇ ਕਾਬੁਲ ਵਿਚ ਹਿੰਦੂ ਅਤੇ ਸਿੱਖ ਨੇਤਾਵਾਂ ਦੇ ਇੱਕ ਵਫ਼ਦ ਨਾਲ ਮੁਲਾਕਾਤ ਕੀਤੀ ਅਤੇ ਸਾਰੇ ਭਾਰਤੀ ਅਤੇ ਸਿੱਖ ਹਮਵਤਨਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਸੁਰੱਖਿਆ ਸਬੰਧੀ ਸਮੱਸਿਆਵਾਂ ਦਾ ਹੱਲ ਕਰ ਦਿੱਤਾ ਗਿਆ ਹੈ ਜੋ ਵੀ ਹਿੰਦੂ ਅਤੇ ਸਿੱਖ ਭਾਈਚਾਰੇ ਦੇ ਲੋਕ ਦੇਸ਼ ਛੱਡ ਕੇ ਗਏ ਸੀ, ਉਹ ਹੁਣ ਅਫਗਾਨਿਸਤਾਨ ਪਰਤ ਸਕਦੇ ਹਨ ਕਿਉਂਕਿ ਦੇਸ਼ ਵਿਚ ਹੁਣ ਸੁਰੱਖਿਆ ਸਥਾਪਤ ਹੋ ਗਈ ਹੈ।

# ਹੱਕੀ ਮੰਗਾਂ ਨੂੰ ਲੈ ਕੇ 31 ਜੁਲਾਈ ਨੂੰ ਦੇਸ਼ ਭਰ 'ਚ ਚੱਕਾ ਜਾਮ ਕਰਨਗੇ ਕਿਸਾਨ

ਜਲੰਧਰ:ਸੰਯੁਕਤ ਕਿਸਾਨ ਮੋਰਚਾ ਵੱਲੋਂ ਜਲੰਧਰ 'ਚ ਪ੍ਰੈੱਸ ਕਾਨਫਰੰਸ ਕੀਤੀ ਗਈ। ਜਿਸ ਵਿੱਚ ਕਿਸਾਨਾਂ ਨੇ ਕੇਂਦਰ ਅਤੇ ਸਰਕਾਰਾਂ ਵੱਲੋਂ ਕੀਤੇ ਵਾਅਦਿਆਂ ਨੂੰ ਪੂਰਾ ਨਾ ਕਰਨ 'ਤੇ ਨਾਰਾਜ਼ਗੀ ਪ੍ਰਗਟਾਈ।ਜਿਸ ਕਾਰਨ ਉਨ੍ਹਾਂ ਐਲਾਨ ਕੀਤਾ ਹੈ ਕਿ ਹੁਣ 31 ਜੁਲਾਈ ਨੂੰ ਦੇਸ਼ ਭਰ ਵਿੱਚ ਰੇਲ ਰੋਕੋ ਅੰਦੋਲਨ ਕੀਤਾ ਜਾਵੇਗਾ।ਇਸ ਬਾਰੇ ਜਾਣਕਾਰੀ ਦਿੰਦਿਆਂ ਲੱਖੋਵਾਲ ਕਿਸਾਨ ਯੂਨੀਅਨ ਦੇ ਆਗੂ ਹਰਿੰਦਰ ਸਿੰਘ ਲੱਖੋਵਾਲ ਨੇ ਕਿਹਾ ਕਿ ਦੇਸ਼ ਭਰ ਵਿਚ ਆਵਾਜਾਈ ਠੱਪ ਕੀਤੀ ਜਾਵੇਗੀ ਪਰ ਪੰਜਾਬ ਵਿਚ ਸਿਰਫ਼ ਰੇਲਗੱਡੀਆਂ ਹੀ ਰੋਕੀਆਂ ਜਾਣਗੀਆਂ।ਇਹ ਫ਼ੈਸਲਾ ਸਖ਼ਤ ਗਰਮੀ ਅਤੇ ਲੋਕਾਂ ਨੂੰ ਆਉਣ ਵਾਲਿਆਂ ਦਰਪੇਸ਼ ਮੁਸ਼ਕਲਾਂ ਦੇ ਮੱਦੇਨਜ਼ਰ ਲਿਆ ਗਿਆ ਹੈ।ਉਨ੍ਹਾਂ ਕਿਹਾ ਕਿ ਆਉਣ ਵਾਲੇ ਐਤਵਾਰ ਪੰਜਾਬ ਵਿਚ ਸਵੇਰੇ 11 ਤੋਂ ਦੁਪਹਿਰ 3 ਵਜੇ ਤੱਕ ਰੇਲਗੱਡੀਆਂ ਰੋਕੀਆਂ ਜਾਣਗੀਆਂ ਪਰ ਬਾਕੀ ਆਵਾਜਾਈ ਬਹਾਲ ਰਹੇਗੀ।

# ਗੁਰੂ ਨਾਨਕ ਦੇਵ ਦੀ ਤਸਵੀਰ ਨਾਲ ਛੇੜਛਾੜ ਕਰਨ ਦੀ 'ਫਾਸ਼ੀ ਹਮਲਿਆਂ ਵਿਰੋਧੀ ਫਰੰਟ' ਵੱਲੋਂ ਸਖਤ ਨਿੰਦਾ

ਲੁਧਿਆਣਾ:-ਕੈਨੇਡਾ ਰਹਿ ਰਹੇ ਸੁਰਜੀਤ ਗੱਗ ਨਾਮਕ ਵਿਅਕਤੀ ਵੱਲੋਂ ਗੁਰੂ ਨਾਨਕ ਦੇਵ ਜੀ ਦੀ ਟੋਪ ਵਾਲੀ ਤਸਵੀਰ ਸੋਸ਼ਲ ਮੀਡੀਆ ਉਤੇ ਪਾਉਣ ਦੀ ਸਖਤ ਨਿੰਦਾ ਕਰਦੇ ਹੋਏ 'ਫਾਸ਼ੀ ਹਮਲਿਆਂ ਵਿਰੋਧੀ ਫਰੰਟ' ਪੰਜਾਬ ਨੇ ਕਿਹਾ ਹੈ ਕਿ ਇਹ ਇਕ ਗਿਣੀ-ਮਿੱਥੀ ਭੜਕਾਊ ਹਰਕਤ ਹੈ ਅਤੇ ਅਜਿਹੀਆਂ ਹਰਕਤਾਂ ਕਰਕੇ ਇਹ ਬੰਦਾ ਬੇਲੋੜਾ ਵਿਵਾਦ ਛੇੜ ਕੇ ਸੰਘ-ਬੀ ਜੇ ਪੀ ਦੇ ਖਤਰਨਾਕ ਫਾਸ਼ੀ ਮਨਸੂਬਿਆਂ ਦੀ ਹੀ ਸੇਵਾ ਕਰ ਰਿਹਾ ਹੈ।

ਮੋਰਚੇ ਦੇ ਆਗੂਆਂ ਬੰਤ ਬਰਾੜ, ਪ੍ਰਗਟ ਸਿੰਘ ਜਾਮਾਰਾਏ, ਅਜਮੇਰ ਸਿੰਘ, ਸੁਖਦਰਸ਼ਨ ਨੱਤ, ਨਰੈਣ ਦੱਤ ਅਤੇ ਕਿਰਨਜੀਤ ਸਿੰਘ ਸੇਖੋਂ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਜਾਤ-ਪਾਤ, ਊਚ-ਨੀਚ ਅਤੇ ਬ੍ਰਾਹਮਣੀ ਕਰਮਕਾਂਡਾਂ ਦੀ ਦਲਦਲ ਵਿਚ ਫਸੇ ਸਾਡੇ ਸਮਾਜ ਨੂੰ ਮੁਕਤੀ ਦੇ ਨਵੇਂ ਮਾਰਗ ਉਤੇ ਪਾਉਣ ਵਾਲੇ ਮਾਨਵਤਾ ਦੇ ਮਹਾਨ ਰਹਿਬਰ ਗੁਰੂ ਨਾਨਕ ਜੀ ਦਾ ਦੁਨੀਆ ਭਰ ਦੀ ਜਾਗ੍ਰਿ ਲੋਕਾਈ ਵੱਡਾ ਸਤਿਕਾਰ ਕਰਦੀ ਹੈ ਅਤੇ ਉਨ੍ਹਾਂ ਦੀ ਕਲਪਿਤ ਤਸਵੀਰ ਨਾਲ ਵੀ ਅਜਿਹੀ ਹੋਛੀ ਛੇੜਛਾੜ ਸਾਡੇ ਸਭਨਾਂ ਲਈ ਬੇਹੱਦ ਦੁਖਦਾਈ ਹੈ।ਇਸ ਲਈ ਗੱਗ ਨੂੰ ਇਹ ਤਸਵੀਰ ਫੌਰੀ ਡੀਲੀਟ ਕਰਕੇ ਸਮੁੱਚੇ ਭਾਈਚਾਰੇ ਤੋਂ ਤੁਰੰਤ ਮਾਫੀ ਮੰਗ ਲੈਣੀ ਚਾਹੀਦੀ ਹੈ।

ਬਿਆਨ ਵਿਚ ਕਿਹਾ ਗਿਆ ਹੈ 'ਫਾਸ਼ੀ ਹਮਲਿਆਂ ਵਿਰੋਧੀ ਮੋਰਚਾ' ਪੰਜਾਬ ਦੀ ਕੋਸ਼ਿਸ਼ ਹੈ ਕਿ ਮੋਦੀ ਸਰਕਾਰ ਵੱਲੋਂ ਦੇਸ਼ ਦੇ ਸੰਵਿਧਾਨ, ਫੈਡਰਲ ਢਾਂਚੇ, ਧਾਰਮਿਕ ਤੇ ਕੌਮੀ ਘੱਟਗਿਣਤੀਆਂ, ਮਜ਼ਦੂਰਾਂ, ਕਿਸਾਨਾਂ, ਦਲਿਤਾਂ, ਆਦਿਵਾਸੀਆਂ ਅਤੇ ਪ੍ਰਗਤੀਸ਼ੀਲ ਜਮਹੂਰੀ ਸ਼ਕਤੀਆਂ ਉਤੇ ਲਗਾਤਾਰ ਵਧਦੇ ਫਿਰਕੂ ਤੇ ਕਾਰਪੋਰੇਟੀ ਲੁੱਟ ਦੇ ਹਮਲਿਆਂ ਦੇ ਟਾਕਰੇ ਲਈ ਦੇਸ਼ ਤੇ ਸੂਬੇ ਵਿਚ ਤਮਾਮ ਪੀੜਤ ਤਬਕਿਆਂ ਤੇ ਵਰਗਾਂ ਦਾ ਇਕ ਵਿਸਾਲ ਸਾਂਝਾ ਮੁਹਾਜ਼ ਉਸਾਰਿਆ ਜਾਵੇ, ਪਰ ਇਨ੍ਹਾਂ ਯਤਨਾਂ ਨੂੰ ਨਾਕਾਮ ਕਰਨ ਲਈ ਸਿਮਰਨਜੀਤ ਸਿੰਘ ਮਾਨ ਅਤੇ ਗੱਗ ਵਰਗੇ ਵਿਅਕਤੀ ਗਿਣੇ-ਮਿੱਥੇ ਢੰਗ ਨਾਲ ਅਜਿਹੀਆਂ ਹਰਕਤਾਂ ਜਾਂ ਬਿਆਨਬਾਜ਼ੀ ਕਰਦੇ ਹਨ, ਜਿਨ੍ਹਾਂ ਨਾਲ ਮੋਦੀ ਸਰਕਾਰ ਤੇ ਬੀ ਜੇ ਪੀ ਖਿਲਾਫ ਇਕਜੁਟ ਹੋਣ ਦੀ ਬਜਾਏ ਜਨਤਾ ਬੇਲੋੜੇ ਆਪਸੀ ਵਿਵਾਦਾਂ ਵਿਚ ਉਲਝੀ ਰਹੇ।ਇਸ ਲਈ ਐਸੇ ਲੋਕਾਂ ਨੂੰ ਪਛਾਨਣਾ ਅਤੇ ਜਨਤਾ ਸਾਹਮਣੇ ਨੰਗਾ ਕਰਨਾ ਬਹੁਤ ਜ਼ਰੂਰੀ ਹੈ।

# ਹਰਨ ਭਰਨ ਜਾ ਕਾ ਨੇਤ੍ਰ ਫੋਰੁ

ਅੱਖ ਦੇ ਫੋਰ ਵਿਚ, ਅੱਖ ਝਪਕਣ ਦੇ ਸਮੇ ਵਿਚ ਓਹ ਖਾਲੀ ਕਰ ਸੁਟਦਾ ਇਨੇ ਈ ਵਿਚ ਭਰ ਦਿੰਦਾ।

ਕਲ ਭਿਖਾਰੀ ਅਜ ਰਾਜ ਕਰ ਰਿਹਾ ਹੁੰਦਾ ਰਾਜ ਕਰਦਾ ਸਵੇਰੇ ਉਠਿਆ ਤਾਂ ਸੜਕ ਤੇ ਅਤੇ ਕਈ ਵਾਰ ਫਾਹੇ ਟੰਗ ਘਤਦਾ।

ਪਲਾਂ ਵਿਚ ਹੀ ਸੰਸਾਰ ਦੇ ਨਕਸ਼ੇ ਬਦਲ ਸੁਟਦਾ, ਛਿਣਾ ਵਿਚ ਹੀ ਦੁਨੀਆਂ ਤਬਾਹ ਕਰ ਮਾਰਦਾ।

ਸ਼ਾਇਦ ਮਹੀਨੇ ਕੁ ਦੀ ਹੀ ਗੱਲ ਹੋਣੀ ਟਰੰਟੋ ਤੂਫਾਨ ਦੇ ਇਕ ਪਲ ਦਾ ਹੀ ਝਟਕਾ ਲਗਾ ਕਿ ਬੰਦੇ ਦੀਆਂ ਬਤੀਆਂ ਗੁਲ।ਨਾ ਚੁਲਾ ਨਾ ਅੱਗ, ਨਾ ਨੈਟ ਨਾ ਫੋਨਾ ਨਾ ਟੀ ਵੀ, ਨਾ ਬਤੀ ਨਾ ਬਲਬ ਯਾਣੀ ਬੰਦੇ ਦੀ ਪਾਵਰ ਇਕੋ ਝਟਕੇ ਫਨਾਹ।ਬੰਦੇ ਨੇ ਸਿਰ ਦੇ ਸਿਰ ਤੇ ਬੇਪਨਾਹ ਸ਼ਕਤੀ ਪ੍ਰਾਪਤ ਕਰ ਲਈ ਹੈ ਪਰ ਫਿਰ ਵੀ ਅਸੀਮ ਨਾ ਹੋ ਪਾਈ, ਸੀਮਾ ਵਿਚ , ਦਾਇਰੇ ਵਿਚ, ਲਿਮਟਿਡ ਕੰਮਨੀ। ਅਸੀਮ ਤਾਂ ਰਬ ਸਚਾ ਬੰਦਾ ਤਾਂ ਸੀਮਤਾ ਕੈਦ ਵਿਚ। ਇਕ ਹਦ ਤੋੜਦਾ ਦੂਜੀ ਰਾਹ ਰੋਕੀ ਖੜੀ ਹੁੰਦੀ। ਇਕ ਖੋਜ ਕਰਦਾ ਅਗੇ ਹੋਰ ਕੁਝ ਦਿਸ ਪੈਂਦਾ। ਪਹਿਲੀ ਨੂੰ ਰਦ ਕਰਦਾ ਦੂਜੀ ਲਭਣ ਤੁਰ ਪੈਂਦਾ ਪਰ ਲਭੀ ਹੀ ਤੁਰਿਆ ਜਾਂਦਾ ਹਦ ਆਓਂਦੀ ਓ ਈ ਨਹੀ ਨਾ ਆ ਸਕਦੀ ਕਿਓਂਕਿ ਅਸੀਮ ਸੀ। ਦਾਇਰੇ ਨੂੰ ਇਹ ਜਿੰਨਾ ਚਾਹੇ ਮੋਕਲਾ ਕਰੀ ਆਵੇ ਪਰ ਰਹਿਣਾ ਓਹ ਦਾਇਰਾ ਹੀ ਹੈ ਕਿਓਂਕਿ ਇਹ ਅਸੀਮ ਨਹੀ ਸ਼ਕਤੀ ਇਸ ਦੀ ਸੀਮਤ ਹੈ।ਤੁਹਾਡੇ ਦੁਆਲੇ ਵਾਪਰਦੀਆਂ ਰਹਿੰਦੀਆਂ ਛੋਟੀਆਂ ਛੋਟੀਆਂ ਘਟਨਾਵਾਂ ਇਨਾ ਗਲਾਂ ਦਾ ਅਹਿਸਾਸ ਕਰਾਓਂਦੀਆਂ ਰਹਿੰਦੀਆਂ ਹਨ ਕਿ ਮੇਰੀ ਸ਼ਕਤੀ ਅਸੀਮ ਨਹੀ, ਸੀਮਾ ਹੈ ਇਸ ਦੀ ਇਹ ਅਖ ਦੇ ਫੋਰ ਵਰਗੀ ਕਦੇ ਨਹੀ ਹੋ ਸਕਦੀ। ਇਸ ਬ੍ਰਹਮੰਡੀ ਵਰਤਾਰੇ ਵਿਚ ਮੈਂ ਇਨਾ ਛੋਟਾ ਜੀਵ ਹਾਂ ਕਿ ਖੁਰਦਬੀਨ ਨਾਲ ਵੀ ਨਾ ਦਿਸਾਂ।ਦੋ ਤਿੰਨ ਕੀਲੇ ਅਪਣੇ ਗੋਚਰੇ ਰਖਕੇ ਬਾਕੀ ਫਾਰਮ ਮੇਰਾ ਗੋਰਾ ਵਾਹੁੰਦਾ ਅਤੇ ਜਦ ਓਹ ਵਾਹੁਣ ਆਓਂਦਾ ਅਤੇ ਉਸ ਨੂੰ ਬੁਲਡੋਜਰਾਂ ਜਿਡੇ ਟਰੈਕਟਰਾਂ ਨਾਲ ਛੇ ਛੇ ਪਲਾਓ ਫੇਰਦਾ ਦੇਖਦਾਂ ਤਾਂ ਹੇਠਲੀ ਉਤੇ ਕਰ ਹੁੰਦੀ ਧਰਤੀ ਦੇਖ ਮਨ ਅਸ਼ ਅਸ਼ ਕਰ ਉਠਦਾ ਕਿ ਵਾਹ ਬੰਦਿਆ ਤੇਰੀਆਂ ਕਰਾਮਾਤਾਂ।ਇਸ ਵਾਰੀ ਲਗਾਤਾਰ ਮੀਂਹ ਨਾ ਪੈਣ ਕਾਰਨ ਟਰੰਟੋ ਏਰੀਆ ਬਹੁਤ ਖੁਸ਼ਕ ਰਿਹਾ ਅਤੇ ਇਕ ਦਿਨ ਮੈਂ ਗੋਰੇ ਨੂੰ ਫੋਨ ਕੀਤਾ ਕਿ ਧਰਤੀ ਪਟ ਕੇ ਮੁੜ ਤੂੰ ਆਇਆ ਈ ਨਾ ਠੀਕ ਠਾਕ ਤਾਂ ਹੈ ਤਾਂ ਓਹ ਕਹਿੰਦਾ ਥੋੜਾ ਲੇਟ ਹੋ ਗਿਆ ਸਾਂ ਪਰ ਹੁਣ ਡਰਾਈ ਹੀ ਇਨਾ ਕਿ ਬਿਨਾ ਵਤਰ ਬੀਜਾਂ ਕੀ? ਤਾਂ ਹੁਣ ਓਹ ਅਕਤੂਬਰ ਵਿਚ ਕਣਕ ਬੀਜੇਗਾ।ਯਾਣੀ ਧਰਤੀ ਪੁਟ ਸੁਟਣ ਵਾਲੇ ਬੁਲਡੋਜਰਾਂ ਵਰਗੀ ਸ਼ਕਤੀ ਪੈਦਾ ਕਰ ਕੇ ਵੀ ਬੰਦਾ ਬੇਬਸ ਅਤੇ ਉਪਰ ਉਤੇ ਹੀ ਨਿਰਭਰ।ਕਰੀਬਨ ਮਹੀਨੇ ਬਾਅਦ ਖੁਸ਼ਕੀ ਰਹਿਣ ਤੋਂ ਬਾਅਦ ਕਲ ਰਾਤੀਂ ਮੋਹਲੇਧਾਰ ਮੀਂਹ ਨੇ ਬਨਾਸਪਤੀ ਜਿਵੇਂ ਨਚਣ ਹੀ ਲਾ ਛਡੀ। ਮੈਂ ਮਹੀਨੇ ਤੋਂ ਟਰੈਕਟਰ ਮਗਰ ਟੈਂਕ ਪਾ ਕੇ ਪਾਣੀ ਦੀ ਬੂੰਦ ਬੂੰਦ ਨਾਲ ਮਸੀਂ ਬੂਟੇ ਬਚਦੇ ਕਰੀ ਆ ਰਿਹਾ ਸਾਂ ਪਰ ਕਲ ਦੇ ਕੇਵਲ ਇਕ ਛੜਾਕੇ ਬਾਅਦ ਅਜ ਸਵੇਰੇ ਜਦ ਪੌਦਿਆਂ ਕੋਲੇ ਗਿਆ ਤਾਂ ਚੋਣਾਂ ਤੋਂ ਬਾਅਦ ਜਿਤੇ ਲੀਡਰ ਤਰਾਂ ਬੂਟਿਆਂ ਰੰਗ ਹੀ ਬਦਲੇ ਪਏ ਸਨ ਅਤੇ ਹਵਾ ਨਾਲ ਝੂਲਦੇ ਜਿਵੇਂ ਮੈਨੂੰ ਪੁਛ ਰਹੇ ਸਨ ਕਿ ਕਿਵੇਂ ਆ ਬੰਦਿਆ ਜਾਹ ਲੈ ਜਾਹ ਅਪਣਾ ਟੈਂਕ ਰਬ ਹੀ ਰਜਾਵੇ ਤਾਂ ਰਜੀਦਾ ਤੇਰੀਆਂ ਚੁਲੀਆਂ ਨਾਲ ਤਾਂ ਮਾਰੇ ਚਲੇ ਸਾਂ। !ਅੱਖ ਦੇ ਫੋਰ ਵਿਚ ਓਹ ਭਰ ਦਿੰਦਾ ਅਤੇ ਫੋਰ ਵਿਚ ਹੀ ਓਹ ਖਾਲੀ ਕਰਕੇ ਔਹ ਮਾਰਦਾ ਕਿਓਂਕਿ ਓਹ ਅਸੀਮ ਹੈ ਜਦ ਕਿ ਬੰਦਾ ਚੰਨ ਤੇ ਪਹੁੰਚ ਕੇ ਵੀ ਸੀਮਤ। ਨਹੀ?

**-ਗੁਰਦੇਵ ਸਿੰਘ ਸੱਧੇਵਾਲੀਆ**



# ਕਾਵਿ ਕਿਆਰੀ

## ਖ਼ੂਨ ਸ਼ਹੀਦਾਂ ਦਾ

ਕੀ ਖ਼ੂਨ ਸ਼ਹੀਦਾ ਦਾ ਸਾਡੇ ,,
ਲਈ ਇਨਾ ਸਸਤਾ ਹੋ ਗਿਆ ਏ,,
ਸਹੀਦ ਭਗਤ ਸਿੰਘ ਸਰਦਾਰ
ਕਈਆ ਲਈ ਭਗਤਾ ਹੋ ਗਿਆ ਏ
ਜੇਲਾ ਰਹੇ ਜੋ ਕੱਟਦੇ ਕੱਲੇ ਚਰਖੇ ਨੀ ਕੱਤੇ,,
ਅੱਜ ਉਹ ਹੋਗੇ ਝੂਠੇ ਤੇ ਤੁਸੀ ਬਣਗੇ ਹੋ ਸੱਚੇ,,
ਘਰ ਬਾਰ ਸੀ ਛੁਟਗੇ ਸਭ ਰੂਹ ਪੋਸ ਹੋ ਗਏ ਸੀ
ਹੋਈਆ ਭੁਖ ਹੜਤਾਲਾ ਜੇਲਾ ਚ
ਕਈ ਬੇਹੋਸ ਹੋ ਗਏ ਸੀ,,
ਪੰਡਿਤਾ,,ਮਤਲਬੀ ਹੋਗੇ ਲਿਡਰ
ਸਮਾ ਕੁਵਖਤਾ ਹੋ ਗਿਆ ਏ,,
ਸਹੀਦ ਭਗਤ ਸਿੰਘ ਸਰਦਾਰ
ਕਈਆ ਲਈ ਭਗਤਾ ਹੋ ਗਿਆ ਏ।

**-ਜੱਗੀ ਪੰਡਿਤ**

## ਜੰਗਲੀ ਵਾਂਸ

ਸਾਨੂੰ ਲੋੜ ਨਹੀਂ ਅੱਗ ਲਾਉਣ ਦੀ ,
ਹੱਥ ਤੀਲੀ ਲੈ ਕੇ।
ਅਸੀਂ ਤਾਂ ਜੰਗਲੀ ਵਾਂਸ ਹਾਂ,
ਸੜ 'ਜਾਂ ਗੇ ਖਹਿਕੇ।
ਸਰਾਫ਼ ਦਰਵਾਸ਼ਾ ਦੇ ਗਿਆ,
ਮਰੋ ਲੜ ਲੜ ਕੇ।
ਹੁੰਣ ਅਸੀਂ ਮਰਾਂਗੇ ਆਪ ਹੀ,
ਆਪਸ ਵਿਚ ਡਹਿਕੇ।
ਅਸੀਂ ਲੱਤਾਂ ਖਿਚਣ ਜਾਣਦੇ,
ਅਸੀਂ ਤੁਰਨ ਨਾ ਦੇਈਏ।
ਅਸੀਂ ਰੋਕ ਦਿਵਾਂਗੇ ਰਾਸਤੇ,
ਰਾਹਾਂ ਵਿਚ ਬਹਿਕੇ।
ਭੰਡੀਏ ਸਦ ਅਸੀਂ ਆਪਣੇ,
ਕਦੇ ਸਿਫ਼ਤ ਨਾ ਕਰੀਏ।
ਤੋੜ ਦੇਈਏ ਅਸੀ ਹੌਸਲੇ,
ਮਾੜਾ ਕਹਿ ਕਹਿ ਕੇ।
ਉਗੇ ਜੇ ਬੂਟਾ ਆਸ ਦਾ,
ਅਸੀਂ ਫ਼ਲਣ ਨਾ ਦੇਈਏ।
ਸੁਕਾ ਦਈਏ ਅਸੀ ਉਸ ਨੂੰ,
ਉਹ ਦੀ ਜੜ ਵਿਚ ਲਹਿ ਕੇ।
ਝਲਦੇ ਨਹੀਂ ਅਸੀ ਸਫ਼ਲਤਾ,
ਜੇ ਕਰਦਾ ਕੋਈ।
ਢਾਹ ਲੈਂਦੇ ਅਸੀਂ ਉਸ ਨੂੰ,
ਉਹ ਦੇ ਪਿਛੇ ਪੈ ਕੇ।
ਜੇ ਸਿਧਾ ਮੱਥਾ ਨਾਂ ਲਗੇ,
ਫਿਰ ਬਣਤ ਬਣਾਈਏ।
ਫਿਰ ਹੱਲਾ ਬੋਲੀਏ ਘਾਤ ਲਾ,
ਕਿਸੇ ਉਹਲੇ ਬਹਿ ਕੇ।
ਜਿਸ ਟਾਹਣ ਅਸੀ ਬੈਠੀਏ,
ਉਸੇ ਨੂੰ ਵੱਢੀਏ,
'ਸਰਾਂ'' ਮਰ ਜਾਈਏ ਆਪ ਹੀ,
ਧਰਤੀ ਤੇ ਢਹਿ ਕੇ।
ਅਸੀਂ ਤਾਂ ਜੰਗਲੀ ਵਾਂਸ ਹਾਂ,
ਸੜ 'ਜਾਂ ਗੇ ਖਹਿ ਕੇ।
ਸਾਨੂੰ ਲੋੜ ਨਹੀਂ ਅੱਗ ਲਾਉਣ ਦੀ।
ਸੜ 'ਜਾਂ ਗੇ ਖਹਿ ਕੇ।



**ਬਲਵੰਤ ਸਰਾਂ**

## .ਗ਼ਜ਼ਲ

ਅੱਗ ਦੇ ਵਿੱਚੋਂ ਰੰਗਾਂ ਨੂੰ ਲੱਭਦੇ ਆਪਣਾ ਕੈਨਵਸ ਜਲਾ ਬੈਠੇ,
ਤੇਰੀ ਤਸਵੀਰ ਬਣਾਉਣ ਦਾ ਚਾਅ ਰਾਖ਼ 'ਚ ਮਿਲਾ ਬੈਠੇ।
ਅੱਗ, ਭਾਂਬੜ ਤੇ ਨਾਲ ਲਹੂ ਦੇ ਕਿੰਨਾ ਕੁਝ ਹੈ ਮੱਚ ਰਿਹਾ,
ਤੇਰੀਆਂ ਯਾਦਾਂ ਦੀ ਗੱਠੜੀ ਨੂੰ ਰਾਤੀਂ ਤੀਲ੍ਹੀ ਲਾ ਬੈਠੇ।
ਤੂੰ ਖ਼ਾਬਾਂ 'ਚ ਨਾ ਆਇਆ ਤੇ ਮੈਂ ਨਜ਼ਰੀਂ ਨਾ ਆਇਆ,
ਇਹ ਇੱਕ ਦੂਸਰੇ ਨੂੰ ਇੰਝ ਆਪਾਂ ਕਿਵੇਂ ਭੁਲਾ ਬੈਠੇ।
ਰੀਝਾਂ ਦਾ ਉੱਠਿਆ ਹੈ ਜੋ ਇਹ ਭਿਆਨਕ ਜ਼ਲਜ਼ਲਾ,
ਧਰਤੀ ਹੇਠਲੇ ਧੌਲ ਵਾਂਗ ਸਿੰਗ ਅੰਦਰੋਂ ਕੋਈ ਹਿਲਾ ਬੈਠੇ।
ਜਦ .ਗ਼ਜ਼ਲ ਸੁਣਾਈ ਤਾਂ ਅਜੀਬ ਖ਼ੌਫ਼ ਸੀ ਚਿਹਰਿਆਂ 'ਤੇ,
ਫ਼ਰਿਸ਼ਤਾ ਮੌਤ ਦਾ ਕੋਈ ਜਿਵੇਂ ਮਹਿਫ਼ਲ 'ਚ ਬੁਲਾ ਬੈਠੇ।
ਸੋਚ ਬਸ ਬਦਨਾਂ ਤੱਕ ਹੀ ਸੀਮਿਤ ਹੋ ਕੇ ਰਹਿ ਗਈ,
ਇਜ਼ਹਾਰ-ਏ-ਇਸ਼ਕ ਦਾ ਤਾਂ ਉਹ ਕਰ ਗਿਲਾ ਬੈਠੇ।
ਹਯਾਤੀ ਬਾਰੇ ਲਿਖਦਿਆਂ, ਮਰਸੀਆ ਹੈ ਲਿਖ ਹੋ ਜਾਂਦਾ,
ਇਹ ਕਿਹੜੇ .ਗ਼ਮਾਂ ਦੀ ਸਿਆਹੀ ਕਲਮਾਂ ਨੂੰ ਪਿਲਾ ਬੈਠੇ।
ਖੌਰੇ ਰੇਤ ਦੀ ਕੰਧ ਸੀ ਜਾਂ ਸੁੱਕਾ ਦਰਿਆ ਸੀ ਜਾਂ ਸੀ ਥਲ,
ਸੋਚਣ ਸਮਝਣ ਦੇ ਸਭ ਤਵਾਜ਼ਨ ਹੀ ਹਿਲਾ ਬੈਠੇ।

**ਅਰਸ਼ਦੀਪ ਸਿੰਘ ਨਿੱਝਰ**
**ਸੰਪਰਕ: 94639-10148**

## ਸੋਚਦਾਂ

ਸੋਚਦਾਂ! ਕੀ ਖਰੀਦਾਂ,
ਆਪਣੇ ਸੋਹਣੇ ਮੁਲਕ 'ਚੋਂ
ਜੋ ਵਿਕਦਾ ਨਾ ਹੋਵੇ
ਜਦੋਂ ਮਾਰਿਆ ਖ਼ਿਆਲ ਆਲੇ-ਦੁਆਲੇ
ਤਾਂ ਹਰ ਸ਼ੈਅ ਵਿਕਾਊ ਦਿਸੀ
ਬਸ! ਖ਼ਰੀਦਣ ਵਾਲਾ ਚਾਹੀਦੈ
ਕਿਉਂਕਿ...
ਇੱਥੇ ਬੋਲ ਵਿਕਦੇ ਨੇ
ਨਾਪ ਤੋਲ ਵਿਕਦੇ ਨੇ
ਇੱਥੇ ਕਲਮ ਵਿਕਦੀ ਹੈ
ਦਰਦਾਂ ਦੀ ਮੱਲ੍ਹਮ ਵਿਕਦੀ ਏ
ਇੱਥੇ ਵੋਟ ਵਿਕਦੀ ਹੈ
ਔਨ ਸਪੋਰਟ ਵਿਕਦੀ ਹੈ
ਇੱਥੇ ਅਮੀਰ ਵਿਕਦੈ
ਇੱਥੇ ਜ਼ਮੀਰ ਵਿਕਦੈ
ਇੱਥੇ ਲੀਡਰ ਵਿਕਦੇ ਨੇ
ਅਧਿਕਾਰੀ ਵਿਕਦੇ ਨੇ
ਕਰਮਚਾਰੀ ਵਿਕਦੇ ਨੇ
ਛੱਡੋ! ਕੀ ਗੱਲ ਕਰਾਂ
ਇੱਥੇ ਤਾਂ ਆਸਥਾ ਦੇ
ਪੁਜਾਰੀ ਵਿਕਦੇ ਨੇ
ਅੱਗੇ ਗੱਲ ਕਰਾਂ ਤਾਂ
ਲੱਖ ਹਜ਼ਾਰੀ ਵਿਕਦੇ ਨੇ
ਦਿਨ ਦਿਹਾੜੇ ਸੱਚ ਵਿਕਦੈ
ਝੂਠ ਓਦੋਂ ਮਹਿੰਗਾ ਵਿਕਦੈ
ਦੱਸੋ ਕੀ ਖਰੀਦਣਾ ਹੈ ਯਾਰੋ...
ਇੱਥੇ ਤਾਂ ਲੋਕਤੰਤਰ ਦਾ ਚੌਥਾ ਥੰਮ੍ਹ
ਮੀਡੀਆ ਵੀ ਸ਼ਰ੍ਹੇਆਮ ਵਿਕਦਾ ਹੈ।

**ਅਜੀਤ ਸਿੰਘ ਖੰਨਾ**
**ਸੰਪਰਕ: 70095-29004**

## ਗੁਲਦਸਤਾ

**ਸਰੂਪ ਚੰਦ ਹਰੀਗੜ੍ਹ**

ਮੌਸਮ ਸਿਰ ਖਿੜ ਆਉਂਦੇ ਫੁੱਲ,
ਚੌਗਿਰਦੇ ਨੂੰ ਰੁਸ਼ਨਾਉਂਦੇ ਫੁੱਲ।
ਨੀਲੇ ਚਿੱਟੇ ਲਾਲ ਗੁਲਾਬੀ,
ਸਭ ਮਨ ਨੂੰ ਭਾਉਂਦੇ ਫੁੱਲ।
ਭਾਂਤ ਭਾਂਤ ਦੀਆਂ ਮਹਿਕਾਂ ਵੰਡਕੇ,
ਕਾਇਨਾਤ ਨੂੰ ਸ਼ੁੱਧ ਬਣਾਉਂਦੇ ਫੁੱਲ।
ਫਲ ਜੜ੍ਹਾਂ ਤੇ ਟਾਹਣੀਆਂ ਪੱਤੇ,
ਦਵਾਈਆਂ ਵਿੱਚ ਕੰਮ ਆਉਂਦੇ ਫੁੱਲ।
ਆਪਾ ਵਾਰ ਮਨੁੱਖਤਾ ਦੇ ਲਈ,
ਆਪਣਾ ਫ਼ਰਜ਼ ਨਿਭਾਉਂਦੇ ਫੁੱਲ।
ਤ੍ਰੇਲ ਭਿੱਜੇ ਨੇ ਸ਼ਾਂਤੀ ਵੰਡਦੇ,
ਦਿਲ ਨਾ ਕਦੇ ਦੁਖਾਉਂਦੇ ਫੁੱਲ।
ਨਾ ਕੋਈ ਅਮੀਰ .ਗਰੀਬ ਇਨ੍ਹਾਂ ਲਈ,
ਸਭ ਦੀਆਂ ਖ਼ੁਸ਼ੀਆਂ ਚਾਹੁੰਦੇ ਫੁੱਲ।
ਫੁੱਲਾਂ ਦੀ ਤੂੰ ਲਾ ਲੈ ਕਿਆਰੀ,
ਸਰੂਪ ਤਾਈਂ ਸਮਝਾਉਂਦੇ ਫੁੱਲ।
ਕਾਦਰ ਦੀ ਕੁਦਰਤ ਦੇ ਤਾਈਂ,
ਨਿਉਂ ਕੇ ਸੀਸ ਝੁਕਾਉਂਦੇ ਫੁੱਲ।


ਵੈਨਕੂਵਰ ਵਿੱਚ ਸਵੀਟ ਕਿੰਗ ਵਜੋਂ ਜਾਣਿਆ ਜਾਂਦਾ
ਪੰਜਾਬ ਸਵੀਟ ਹਾਊਸ
ਜਿੱਥੇ ਇੰਡੀਆ ਵਰਗੀ ਸਵਾਦ ਮਠਿਆਈ, ਲੱਡੂ, ਗਰਮਾ-ਗਰਮ ਜਲੇਬੀਆਂ ਅਤੇ ਭਾਂਤ-ਭਾਂਤ ਦੇ ਨਮਕੀਨ ਹਰ ਸਮੇਂ ਤਿਆਰ ਮਿਲਦੇ ਹਨ।
ਸਾਨੂੰ ਇੱਕ ਮਠਿਆਈਆਂ ਬਣਾਉਣ ਲਈ ਤਜਰਬੇਕਾਰ ਹਲਵਾਈ ਦੀ ਲੋੜ ਹੈ ਜਿਸ ਕੋਲ ਘਟੋ ਘਟ 5 ਸਾਲ ਦਾ ਤਜਰਬਾ ਹੋਵੇ।
WE NEED AN EXPERIENCED SWEETMAKER, WHICH ATLEAST HAVE 5 YEARS OF EXPERIENCE



ਗੁਰਦੁਆਰਾ ਸਾਹਿਬ, ਜਨਮ ਦਿਨ, ਵਿਆਹ ਸ਼ਾਦੀ ਦੀਆਂ ਪਾਰਟੀਆਂ ਲਈ ਖਾਸ ਡਿਸਕਾਊਂਟ ਵਧੀਆ ਸੇਵਾਂਵਾ ਲਈ ਫੋਨ ਕਰੋ
2 Locations to Serve you
#4-12818-72 Ave., Surrey, BC
604-591-7611
#8A-31205 Old Yale Rd., Abbotsford, BC
604-504-1761



ਤੁਹਾਡੇ ਕਾਨੂੰਨੀ ਮਾਮਲਿਆਂ ਵਿਚ ਨੁਮਾਇੰਦਗੀ ਅਤੇ ਮਾਹਿਰ ਸਲਾਹ ਮਸ਼ਵਰਾ



ਫੈਮਲੀ ਲਾਅ
- ਵੱਖ ਵੱਖ ਹੋਏ,ਵਿਆਹ, ਪੀੜਤ ਅਤੇ ਮੁੜ ਇਕੱਠੇ ਰਹਿਣ ਲਈ ਸਮਝੌਤਾ
- ਤਲਾਕ ਅਤੇ ਵੱਖ ਹੋਣ ਦੀ ਕਾਰਵਾਈ
- ਬੱਚੇ ਅਤੇ ਸਪਾਊਜ਼ਲ ਸਹਾਇਤਾ
- ਜਾਇਦਾਦ ਦੀ ਵੰਡ
- ਗੋਦ ਲੈਣ ਦੀ ਐਪਲੀਕੇਸ਼ਨ
- ਬੱਚੇ ਨਾਲ ਰਹਿਣ ਦੇ ਅਧਿਕਾਰ ਦੀ ਐਪਲੀਕੇਸ਼ਨ

ਇਮੀਗ੍ਰੇਸ਼ਨ ਲਾਅ
- ਸਟੂਡੈਂਟਸ, ਵਰਕਰਜ਼ ਅਤੇ ਵਿਜ਼ਟਰ ਕੇਸ
- ਇਮੀਗ੍ਰੇਸ਼ਨ ਨਾਲ ਸਬੰਧਿਤ ਸਾਰੇ ਮਾਮਲੇ
- ਸਪਾਂਸਰਸ਼ਿਪ ਕੇਸ

ਬੀ.ਸੀ. ਅਤੇ ਐਲਬਰਟਾ ਵਿਚ ਰਿਅਨਲ ਐਸਟੇਟ
- ਬੀ.ਸੀ. ਅਤੇ ਐਲਬਰਟਾ ਖੇਤਰ ਵਿਚ ਰਿਹਾਇਸ਼ੀ ਜਾਇਦਾਦ ਦੀ ਵਿਕਰੀ/ਖ਼੍ਰੀਦਦਾਰੀ
- ਬਿਜ਼ਨਸ ਦੀ ਵਿਕਰੀ / ਖ਼੍ਰੀਦਦਾਰੀ
- ਜ਼ਮੀਨ ਦੀ ਵਰਤੋਂ, ਰੀਅਲ ਐਸਟੇਟ, ਪ੍ਰਾਪਰਟੀ ਟੈਕਸ ਅਸੈਸਮੈਂਟ
- ਲੀਨ (Lien) ਦੇ ਕਲੇਮ
- ਕਾਂਟਰੈਕਟੀਅਲ ਕਲੇਮ
- ਰੀਅਲ ਐਸਟੇਟ ਲਿਟੀਗੇਸ਼ਨ

ਇੰਪਲਾਇਮੈਂਟ ਲਾਅ
- ਇੰਪਲਾਇਮੈਂਟ ਇਕਰਾਰਨਾਮਿਆਂ ਦਾ ਰੀਵਿਊ
- ਇੰਪਲਾਇਮੈਂਟ ਇਕਰਾਰਨਾਮਾ ਤਿਆਰ ਕਰਨਾ
- ਗੈਰ-ਕਾਨੂੰਨੀ ਬਰਖਾਸਤੀ
- ਇੰਪਲਾਇਮੈਂਟ ਇਕਰਾਰਨਾਮੇ ਦੀ ਉਲੰਘਣਾ
- ਕੰਮ ਦੇ ਸਥਾਨ 'ਤੇ ਲੱਗੀ ਸੱਟ
- ਕੰਮ ਦੇ ਸਥਾਨ 'ਤੇ ਸੋਸ਼ਣ ਅਤੇ ਪ੍ਰੇਸ਼ਾਨੀ
- ਕੰਮ ਦੇ ਸਥਾਨ 'ਤੇ ਸਮਾਗਮਾਂ ਦੇ ਕਲੇਮ

ਕਾਰਪੋਰੇਟ ਅਤੇ ਬਿਜ਼ਨਸ ਲਾਅ
- ਸ਼ੇਅਰ ਹੋਲਡਰ ਸਮਝੌਤੇ
- ਲੀਜ਼ ਐਗਰੀਮੈਂਟ
- ਕਿਰਾਏਦਾਰਾਂ ਦਾ ਐਗਰੀਮੈਂਟ
- ਕੰਪਨੀ ਬਣਾਉਣਾ ਅਤੇ ਖਤਮ ਕਰਨਾਂ
- ਪਾਰਟਨਰਸ਼ਿਪ ਅਤੇ ਸਾਂਝੇ ਯਤਨ
- ਬਿਜ਼ਨਸ ਵਿਵਾਦ/ਸ਼ੇਅਰ ਹੋਲਡਰ ਵਿਵਾਦ

ਨੋਟਰੀ ਸੇਵਾਵਾਂ
- ਨੋਟਰਾਈਜੇਸ਼ਨਜ਼
- ਵਸੀਅਤ, ਜਾਇਦਾਦ ਅਤੇ ਟਰੱਸਟ
- ਹਲਫਨਾਮੇ ਅਤੇ ਘੋਸ਼ਣਾਵਾਂ
- ਵਿਜ਼ਟਰ ਵੀਜ਼ੇ, ਸੁਪਰ ਵੀਜ਼ੇ ਦੀ ਘੋਸ਼ਣਾਵਾਂ
- ਸਪਾਂਸਰਸ਼ਿਪ ਘੋਸ਼ਣਾਵਾਂ
- ਮੁਖਤਿਆਰਨਾਮਾ

ਸਾਡੀ ਚੋਣ ਕਰਨ ਦੇ ਫਾਇਦੇ
- ਘੱਟ ਕੀਮਤ 'ਤੇ ਵਧੀਆ ਕੁਆਲਿਟੀ ਦੀ ਲੀਗਲ ਸਰਵਿਸ
- ਇਮਾਨਦਾਰ ਸਲਾਹ ਅਤੇ ਤੁਹਾਡੀ ਜ਼ਰੂਰਤ ਦੇ ਅਨੁਸਾਰ ਹੱਲ
- ਗਾਹਕ ਦੀ ਪੂਰੀ ਤਸੱਲੀ ਅਤੇ ਦਿਮਾਗੀ ਸ਼ਾਂਤੀ
- ਵਧੀਆ ਨਤੀਜੇ

ਚਰਨਜੀਤ ਕੌਰ ਰੈਨਾ
ਵਕੀਲ ਅਤੇ ਨੋਟਰੀ ਪਬਲਿਕ
778 835 8455
#201-13049 76th Avenue, Surrey BC V3W2V7
www.rainalaw.com Email : craina@rainalaw.com

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

**30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530**



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*28 ਜੁਲਾਈ ਦਿਨ ਵੀਰਵਾਰ ਅਨੰਦ ਕਾਰਜ ਦੀ ਰਸਮ ਬੀਬੀ ਨਵਜੋਤ ਕੌਰ ਸੰਧੂ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।

*28 ਜੁਲਾਈ ਦਿਨ ਵੀਰਵਾਰ ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਸ. ਪ੍ਰੀਤਮ ਸਿੰਘ ਅਠਵਾਲ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।

*29 ਜੁਲਾਈ ਦਿਨ ਸ਼ੁੱਕਰਵਾਰ ਅਨੰਦ ਕਾਰਜ ਦੀ ਰਸਮ ਸ. ਜਗਦੇਵ ਸਿੰਘ ਗਰੇਵਾਲ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।

*30 ਜੁਲਾਈ ਦਿਨ ਸ਼ਨੀਵਾਰ ਅਨੰਦ ਕਾਰਜ ਦੀ ਰਸਮ ਸ. ਹਰਿਜੰਦਰ ਸਿੰਘ ਬਿੰਦ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।

*30 ਜੁਲਾਈ ਦਿਨ ਸ਼ਨੀਵਾਰ ਭੋਗ ਸ੍ਰੀ ਅਖੰਡ ਪਾਠ ਅਤੇ ਲੰਗਰ ਦੀ ਸੇਵਾ ਸ. ਪ੍ਰੀਤਮ ਸਿੰਘ ਅਠਵਾਲ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।

*30 ਜੁਲਾਈ ਦਿਨ ਐਤਵਾਰ ਅਨੰਦ ਕਾਰਜ ਦੀ ਰਸਮ ਸ. ਸਤਨਾਮ ਸਿੰਘ ਮਾਨ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।

**ਨੋਟ:** 4 ਸਤੰਬਰ ਦਿਨ ਐਤਵਾਰ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਗੁਰਦੁਆਰਾ ਕਲਗੀਧਰ ਸਾਹਿਬ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਨਗਰ ਕੀਰਤਨ ਸਜਾਏ ਜਾਣਗੇ।

### ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

- ਭਾਈ ਰਸ਼ਵਿੰਦਰ ਸਿੰਘ ਜੀ ਦਾ ਜਥਾ
- ਭਾਈ ਮਨਜੀਤ ਸਿੰਘ ਜੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਾਲੇ
- ਕਥਾ ਵਾਚਕ:ਗਿਆਨੀ ਗੁਰਪ੍ਰੀਤ ਸਿੰਘ ਜੀ ਦਿੱਲੀ ਬੰਗਲਾ ਸਾਹਿਬ ਵਾਲੇ

**ਜਰੂਰੀ ਬੇਨਤੀ:** ਕੋਵਿਡ-19 ਦੀਆਂ ਸਰਕਾਰੀ ਹਦਾਇਤਾਂ ਦੀ ਪਾਲਣਾ ਕਰੋ। ਘੱਟ ਤੋਂ ਘੱਟ ਤੋਂ 6 ਫੁੱਟ ਦੀ ਦੂਰੀ ਬਣਾ ਕੇ ਰੱਖੋ। ਗੁਰਦੁਆਰਾ ਸਾਹਿਬ ਵਿਖੇ ਮਾਸਕ ਤੇ ਸੈਨੀਟਾਇਜ਼ਰ ਉਪਲਬਧ ਹੈ।

**ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ**

ਗੁਰਦੁਆਰਾ ਸਾਹਿਬ:604-504-5530,

ਬਲਵੀਰ ਸਿੰਘ ਬਨਵੈਤ (ਮੁੱਖ ਸੇਵਾਦਾਰ) 604-636-4247, ਮਨਜੀਤ ਸਿੰਘ ਗਰੇਵਾਲ:778-908-1570

ਗਿਆਨੀ ਬਲਰਾਜ ਸਿੰਘ (ਗ੍ਰੰਥੀ):236-887-5274, ਗਿਆਨੀ ਕੇਵਲ ਸਿੰਘ (ਗ੍ਰੰਥੀ):778-347-8284


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

*Men's & Women's Clothing *Custom Tailoring,
*Source of Bridal Wear *Party Dresses,
*Punjabi Suits For Fashion Freaks

Dev Bros.

ਤੁਸੀਂ ਇਥੋਂ ਮਰਦਾਂ ਦੇ ਸੂਟ, Groom Wedding Dress,
ਕੁਰਤੇ ਪਜਾਮੇ, ਲੇਡੀਜ ਸੂਟ, Bride Wedding
Dress latest ਡਿਜਾਈਨਾਂ ਵਿਚ ਖਰੀਦ ਸਕਦੇ ਹੋ

Custom Tailoring

'ਦੇਵ ਬ੍ਰਦਰਜ' ਕੋਟਕਪੂਰਾ ਵਾਲਿਆਂ ਦਾ ਨਵਾਂ ਸਟੋਰ ਹੁਣ ਐਬਟਸਫੋਰਡ 'ਚ

Phone:604-880-8434

#118, 32083 Hillcrst Ave, Abbotsford



PEACE FURNITURE

For The Peace Of Your Mind









ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:
Mon-Fri: 8am to 6pm
Sat-Sun: 12 pm to 6 pm

604-902-1415

#A/B/C 7967-128St, Surrey, BC V3W 4E7

Email:sales@peacefurnituire.ca

Web:www.peacefurniture.ca